ਮਸਤੂਆਣਾ ਸਾਹਿਬ ਜੋੜ ਮੇਲ ਦੇ ਸੁਧਾਰ

ਤੱਥ ਤੇ ਭਵਿੱਖ

ਸਿੱਖ ਜਥਾ ਮਾਲਵਾ

ਕੀਸਾਹਿ

Mastuana Sahib Jorh Mel de Sudhar
Tath te Bhavikh
by
Sikh Jatha Malwa

© ਲੇਖਕ

All rights reserved. No part of this book may be reproduced or used in any manner without written permission of the copyright owner. Any legal matter will be subject to district court Ludhiana.

ISBN : ੯੭੮-੮੧-੯੮੮੫੮੭-੧-੯

ਅਗਸਤ ੨੦੨੬

ਭੇਟਾ ₹ ੧੦੦/-

ਪ੍ਰਕਾਸ਼ਕ

ਨੀਸਾਣਿ

ਪੁਰਾਣੀ ਅਨਾਜ ਮੰਡੀ, ਸੰਗਰੂਰ, ਪੰਜਾਬ-੧੪੮੦੦੧


info@neesaanpublication.com www.neesaanpublication.com

+੯੧-੯੭੯੨-੦੦੫੩੩

ਛਾਪਕ:

ਪ੍ਰਿੰਟਵੈੱਲ, ੧੪੬ ਇੰਡਸਟ੍ਰੀਅਲ ਫੋਕਲ ਪੁਆਇੰਟ, ਸ੍ਰੀ ਅੰਮ੍ਰਿਤਸਰ

--- ਸਮਰਪਿਤ ---



ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ
੧੦੦ ਸਾਲਾ ਯਾਦ ਨੂੰ

ਤਤਕਰਾ

ਆਰੰਭਕ ਸ਼ਬਦ	੭
ਪਿਛੋਕੜ	੯
ਯਤਨ ਅਰੰਭ	੧੧
ਇਤਿਹਾਸਕ ਮੋੜ ਦਾ ਪਹਿਲਾ ਸਾਲ (੨੦੨੪)	੧੩
ਇਤਿਹਾਸਕ ਮੋੜ ਦਾ ਦੂਜਾ ਸਾਲ (੨੦੨੫)	੧੫
ਇਤਿਹਾਸਕ ਮੋੜ ਦਾ ਤੀਜਾ ਸਾਲ (੨੦੨੬)	੧੭
ਸੰਖੇਪ ਪੜਚੋਲ	੧੮
ਭਵਿੱਖ ਲਈ ਸੁਝਾਅ	੨੦
ਅਖੀਰ ਵਿਚ	੨੨
ਦਸਤਾਵੇਜ਼/ਹਵਾਲੇ/ਤਸਵੀਰਾਂ	੨੪

ਆਰੰਭਕ ਸ਼ਬਦ

ਇਤਿਹਾਸ ਸਿਰਫ਼ ਸੁਣਨ, ਸੁਣਾਉਣ ਦਾ ਵਿਸ਼ਾ ਨਹੀਂ ਹੁੰਦਾ। ਇਤਿਹਾਸ ਜਾਂ ਆਪਣੇ ਪੁਰਖਿਆਂ ਦੀ ਯਾਦ ਇਸ ਲਈ ਸੁਣੀ ਜਾਂ ਮਨਾਈ ਜਾਂਦੀ ਹੈ ਤਾਂ ਕਿ ਜਿਨ੍ਹਾਂ ਅਸੂਲਾਂ ਲਈ ਉਹ ਜਿਉਂ ਕੇ ਗਏ ਤੇ ਸਦਾ ਲਈ ਜਿਉਂਦੇ ਹੋ ਗਏ, ਉਹਨਾਂ ਰਵਾਇਤਾਂ ਨੂੰ ਆਪਣੀ ਵਿਰਾਸਤ ਵਜੋਂ ਸਦਾ ਬਰਕਰਾਰ ਰੱਖਿਆ ਜਾ ਸਕੇ। ਯਾਦ ਦਾ ਪਵਿੱਤਰ ਕਾਰਜ ਜਦੋਂ ਸ਼ੁਧਤਾ ਦੇ ਸਿਖਰ 'ਤੇ ਹੁੰਦਾ ਹੈ, ਉਦੋਂ ਹੀ ਉਹ ਯਾਦ ਅਰਦਾਸ ਬਣਦੀ ਹੈ, ਤੇ ਫੇਰ ਉਦਮ ਵਿਚ ਤਬਦੀਲ ਹੋ ਕੇ ਅਮਲੀ ਤਬਦੀਲੀ ਦਾ ਪ੍ਰਗਟਾਓ ਹੁੰਦਾ ਹੈ।

ਆਪਣੀਆਂ ਇਨ੍ਹਾਂ ਮੁਕੱਦਸ ਰਵਾਇਤਾਂ ਨੂੰ ਮਹਿਸੂਸ ਕਰਨ ਲਈ ਅਤੇ ਆਪਣੀ ਤਰਜ਼-ਏ-ਜ਼ਿੰਦਗੀ ਵਿਚ ਢਾਲਣ ਲਈ ਸਿੱਖ ਵੱਖ-ਵੱਖ ਤਰੀਕੇ ਸਦਾ ਯਤਨਸ਼ੀਲ ਰਹਿੰਦੇ ਹਨ ਤਾਂ ਕਿ ਸੱਚੇ ਪਾਤਿਸਾਹ ਦੇ ਖ਼ੁਸ਼ੇ ਨਸੀਬ ਹੋ ਸਕਣ ਅਤੇ ਪਾਤਿਸਾਹ ਵਲੋਂ ਆਇਦ ਫਰਜ਼ ਆਪਣੀ ਅਸਲ ਪਵਿੱਤਰਤਾ ਨਾਲ ਨਿਭਾਏ ਜਾ ਸਕਣ।

ਸਿੱਖਾਂ ਦੇ ਸੰਗਤੀ ਰੂਪ ਵਿਚ ਜੁੜਨ, ਸੇਵਾ ਕਰਨ, ਇਤਿਹਾਸ ਦੀ ਸਾਂਝ ਪਾਉਣ, ਰਾਜਨੀਤਿਕ ਅਤੇ ਧਾਰਮਿਕ ਚੁਣੌਤੀਆਂ 'ਤੇ ਵਿਚਾਰ ਕਰਕੇ ਗੁਰਮਤੇ ਪਕਾਉਣ ਦੀ ਵੀ ਰਵਾਇਤ ਹੈ। ਸਿੱਖ ਕੁਝ ਖਾਸ ਦਿਨਾਂ 'ਤੇ ਇਕੱਤਰ ਹੁੰਦੇ ਅਤੇ ਆਪਣੀ ਰਵਾਇਤ ਤੋਂ ਸੇਧ ਲੈਂਦਿਆਂ ਗੁਰਮਤਿ ਦੀ ਰੌਸ਼ਨੀ ਅਤੇ ਸਿੱਖ ਸਿਧਾਂਤਾਂ ਅਨੁਸਾਰ ਅਮਲ ਕਰਦੇ, ਇਨ੍ਹਾਂ ਇਕੱਤਰਤਾਵਾਂ ਨੂੰ ਜੋੜ ਮੇਲ ਵੀ ਕਿਹਾ ਜਾਂਦਾ ਹੈ।

ਇਤਿਹਾਸ ਸੁਣਨ, ਸੇਵਾ ਕਰਨ, ਰਾਜਨੀਤਕ ਅਤੇ ਧਾਰਮਿਕ ਚੁਣੌਤੀਆਂ 'ਤੇ ਵਿਚਾਰ ਕਰਨ ਅਤੇ ਸਿੱਖੀ ਦਾ ਫੈਲਾਅ ਕਰਨ ਵਿਚ ਜੋੜ ਮੇਲ ਦੀ ਕਮਾਈ ਅਹਿਮ ਹੈ। ਇਹ ਕਮਾਈ ਮਾਇਕ ਵਸੀਲਿਆਂ ਦੀ ਨਹੀਂ ਸਗੋਂ ਰੂਹਾਨੀ ਹੈ, ਇਸੇ ਸਦਕਾ ਹੀ ਸਿੱਖੀ ਦਾ ਫੈਲਾਅ ਹੋਣਾ ਹੈ। ਉਪਦੇਸ਼ ਵੀ ਹੋਣ ਪਰ ਜੇਕਰ ਜੋੜ ਮੇਲ ਦਾ ਮਹੌਲ ਵੀ ਸਿੱਖ ਅਸੂਲਾਂ ਦੇ ਮੁਤਾਬਿਕ ਹੋਵੇਗਾ ਤਾਂ ਸੁਣਨ/ਵੇਖਣ ਵਾਲੇ 'ਤੇ ਇਸ ਦਾ ਪ੍ਰਭਾਵ ਸਹਿਜੇ ਹੀ ਜਾਏਗਾ। ਜੋੜ ਮੇਲ ਦੇ ਐਨੇ ਵੱਡੇ ਇਕੱਠ ਹੋਣ ਅਤੇ

ਉਥੇ ਸਿੱਖ ਅਸੂਲਾਂ ਤੋਂ ਉਲਟ ਅਮਲ ਕੀਤੇ ਜਾ ਰਹੇ ਹੋਣ ਤਾਂ ਪ੍ਰਚਾਰ ਦਾ ਵੀ ਕੀ ਅਸਰ? ਜੋੜ ਮੇਲ ਦੇ ਸੁਧਾਰ ਨੂੰ ਇਸ ਨਜਰੀਏ ਨਾਲ ਵੇਖਣਾ ਚਾਹੀਦਾ ਹੈ।

ਜੋੜ ਮੇਲ ਦੇ ਵਿਗੜਦੇ ਮਹੌਲ ਦੀਆਂ ਚਰਚਾਵਾਂ ਆਮ ਹੀ ਛੋਟੇ ਵੱਡੇ ਜੋੜ ਮੇਲ ਮੌਕੇ ਸੁਣੀਦੀਆਂ ਹਨ ਪਰ ਮਸਤੂਆਣਾ ਸਾਹਿਬ ਦਾ ਜੋੜ ਮੇਲ ਪੂਰੇ ਵਿਸ਼ਵ ਵਿਚ ਮਿਸਾਲ ਬਣਿਆ ਹੈ ਜਿਥੇ ਪ੍ਰਬੰਧਕ ਅਤੇ ਇਲਾਕੇ ਦੀ ਸੰਗਤ ਨੇ ਮਿਲ ਕੇ ਇਥੋਂ ਦੇ ਮਹੌਲ ਨੂੰ ਗੁਰਮਤਿ ਵੱਲ ਵੱਡਾ ਇਤਿਹਾਸਕ ਮੋੜਾ ਦਿੱਤਾ ਹੈ। ਪਹਿਲਾਂ ਬਹੁਤਿਆਂ ਨੂੰ ਇਹ ਜਾਪਦਾ ਸੀ ਕਿ ਇਹ ਸੁਧਾਰ ਹੋਣੇ ਅਸੰਭਵ ਹਨ ਕਿਉਂਕਿ ਜਿਸ ਕਦਰ ਮਹੌਲ ਵਿਗੜ ਗਿਆ ਸੀ, ਉਹ ਜੋੜ ਮੇਲ ਵਿੱਚ ਅੱਜ ਵਿਚਰ ਕੇ ਸ਼ਾਇਦ ਕਿਆਸਿਆ ਨਾ ਜਾ ਸਕੇ ਪਰ ਇਹ ਸਭ ਸੰਗਤ ਦੇ ਸਾਂਝੇ ਉੱਦਮ ਸਦਕਾ ਹੀ ਸੰਭਵ ਹੋਇਆ ਹੈ।

ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ ਕਹਿੰਦੇ ਹੁੰਦੇ ਸਨ ਕਿ ਸੰਗਤ ਸਮਰੱਥ ਹੈ, ਚਾਹੇ ਤਾਂ ਸਾਰੇ ਰਿਵਾਜ ਬਦਲ ਸਕਦੀ ਹੈ। ਸੰਗਤ ਨੇ ਆਪਣਾ ਰੁਤਬਾ ਪਛਾਣਿਆ ਤੇ ਆਪਣੇ ਅਮਲ ਰਾਹੀਂ ਇਹ ਸਾਬਤ ਕੀਤਾ ਕਿ ਸੰਗਤ ਸਮਰੱਥ ਹੈ ਤੇ ਇਹ ਰਿਵਾਜ਼ ਬਦਲ ਦਿੱਤਾ।

ਇਹ ਇੱਕ ਵੱਡਾ ਇਤਿਹਾਸਕ ਕਾਰਜ ਹੈ ਜਿਸ ਕਰਕੇ ਇਸ ਨੂੰ ਲਿਖਤ ਵਿਚ ਲਿਆਉਣਾ ਵੀ ਬੇਹੱਦ ਜਰੂਰੀ ਸੀ ਕਿਉਂਕਿ ਜੁਬਾਨੀ ਕਹੀ ਗੱਲ ਸਮਾਂ, ਸਥਾਨ ਅਤੇ ਬੰਦਿਆਂ ਦੇ ਨਿੱਜੀ ਸੁਭਾਅ ਕਰਕੇ ਵਿਗੜਦੀ ਰਹਿੰਦੀ ਹੈ। ਇਸ ਕਰਕੇ ਇਨ੍ਹਾਂ ਸੁਧਾਰਾਂ ਸਬੰਧੀ ਅਸਲ ਤੱਥ, ਇਨ੍ਹਾਂ ਨੂੰ ਬਰਕਰਾਰ ਰੱਖਣ ਲਈ ਸੁਝਾਅ ਅਤੇ ਭਵਿੱਖ ਵਿਚ ਕਰਨਯੋਗ ਅਹਿਮ ਕਾਰਜਾਂ ਨੂੰ ਸਰਲ ਅਤੇ ਸੰਖੇਪ ਰੂਪ ਵਿਚ ਇਸ ਦਸਤਾਵੇਜ ਵਿਚ ਦਰਜ ਕੀਤਾ ਗਿਆ ਹੈ ਤਾਂ ਕਿ ਜੋ ਜਿਵੇਂ ਸੀ, ਜਿਵੇਂ ਬਦਲਿਆ ਤੇ ਜਿਵੇਂ ਹੁਣ ਹੈ, ਉਹ ਉਵੇਂ ਹੀ ਸੰਭਾਲਿਆ ਜਾ ਸਕੇ। ਇਸਦੇ ਨਾਲ ਹੀ ਇਹ ਦਸਤਾਵੇਜ ਪ੍ਰਬੰਧਕਾਂ ਲਈ ਇਨ੍ਹਾਂ ਸੁਧਾਰਾਂ ਨੂੰ ਭਵਿੱਖ ਲਈ ਸੁਖਾਲਾ ਬਰਕਰਾਰ ਰੱਖਣ ਅਤੇ ਅਗਲੇ ਕਰਨਯੋਗ ਕਾਰਜਾਂ ਵੱਲ ਵਧਣ ਲਈ ਸਹਾਈ ਹੋਵੇਗਾ।

ਪਿਛੋਕੜ

ਪੂਰੀ ਦੁਨੀਆ 'ਤੇ, ਖਾਸਕਰ ਮਾਲਵੇ ਦੇ ਇਲਾਕੇ ਵਿੱਚ ਲੋਕਾਂ ਨੂੰ ਗੁਰੂਘਰ ਨਾਲ ਜੋੜਨ ਅਤੇ ਗੁਰਸਿੱਖੀ ਨਾਲ ਪ੍ਰੇਮ ਰੱਖਣ ਦੀ ਲਗਨ ਲਗਾਉਣ ਵਾਲੇ ਗੁਰਮੁਖਾਂ ਵਿੱਚ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਨੂੰ ਉਚੇਚਾ ਯਾਦ ਕੀਤਾ ਜਾਂਦਾ ਹੈ। ਆਪਣੇ ਨਾਮ ਵਾਂਗ ਹੀ ਸੰਤ ਅਤਰ ਸਿੰਘ ਜੀ ਨੇ ਗੁਰਸਿੱਖੀ ਦੀ ਮਹਿਕ ਪੂਰੀ ਦੁਨੀਆ ਵਿਚ ਖਿਲਾਰੀ। ਸੰਤ ਅਤਰ ਸਿੰਘ ਜੀ ਨੇ ਪਿੰਡ ਬਡਰੁੱਖਾਂ ਅਤੇ ਬਹਾਦਰਪੁਰ ਵਿਚਕਾਰ ਸੰਘਣੀ ਝਿੜੀ ਵਾਲੀ ਥਾਂ 'ਤੇ ਇਲਾਕੇ ਦੇ ਲੋਕਾਂ ਨੂੰ ਗੁਰਸਿਖੀ ਰੰਗ ਵਿੱਚ ਰੰਗਣ ਲਈ ਗੁਰਦੁਆਰੇ ਦਾ ਨਿਰਮਾਣ ਕੀਤਾ ਅਤੇ ਇਲਾਕੇ ਦੇ ਲੋਕਾਂ ਨੂੰ ਵਿਦਿਆ ਪੱਖੋਂ ਕਾਬਲ ਬਣਾਉਣ ਅਤੇ ਧਾਰਮਿਕ ਵਿਦਿਆ ਦੇਣ ਲਈ ਵਿਦਿਆਲਾ ਖੋਲ੍ਹਿਆ। ਸੰਤ ਜੀ ਨੇ ਇਲਾਕੇ ਦੀ ਇਕਾਂਤ ਜਗ੍ਹਾ ਨੂੰ ਸੰਗਤ ਦੇ ਇਕੱਤਰ ਹੋਣ ਲਈ ਚੁਣਿਆ।

ਹੁਣ ਹਰ ਸਾਲ ੩੦, ੩੧ ਜਨਵਰੀ ਅਤੇ ੧ ਫਰਵਰੀ ਨੂੰ ਸੰਤਾਂ ਦੀ ਯਾਦ ਵਿਚ ਵੱਡਾ ਜੋੜ ਮੇਲ ਭਰਦਾ ਹੈ। ਹਰ ਸਾਲ ਸੰਤਾਂ ਦੀ ਯਾਦ ਵਿੱਚ ਸਮਾਗਮ ਕਰਵਾਏ ਜਾਂਦੇ ਹਨ, ਜਿਥੇ ਵੱਡੀ ਗਿਣਤੀ ਵਿੱਚ ਦੂਰ ਨੇੜੇ ਦੀ ਸੰਗਤ ਹਾਜਰੀ ਭਰਦੀ ਹੈ ਤੇ ਗੁਰੂ ਕੇ ਲੋਹ ਲੰਗਰ ਤਪਾਉਂਦੀ ਹੈ। ਜੋੜ ਮੇਲ ਦਾ ਮਤਲਬ ਸੰਗਤ ਦਾ ਜੁੜ ਬੈਠ ਕੇ ਨਾਮ ਜਪਣਾ, ਸੇਵਾ ਕਰਨਾ, ਗੁਰ ਉਪਦੇਸ ਸੁਣਨਾ, ਨਾਮ ਬਾਣੀ ਕੀਰਤਨ ਵਿਚ ਮਨ ਲਗਾਉਣ ਲਈ ਜੁੜਨਾ ਹੈ ਪਰ ਸਮੇਂ ਦੇ ਪ੍ਰਭਾਵ ਨਾਲ ਸਿੱਖਾਂ ਦੇ ਜੋੜ ਮੇਲਾਂ ਵਿਚ ਆਮ ਦੁਨਿਆਵੀ ਮੇਲਿਆਂ ਵਾਲੇ ਮਹੌਲ ਦੀ ਰਲਗੱਡ ਹੋ ਗਈ ਹੈ, ਜੋ ਇਕਾਗਰਤਾ ਬਣਾਉਣ ਅਤੇ ਸ਼ਾਂਤੀ ਵਰਤਾਉਣ ਦੀ ਬਜਾਏ ਮਨ ਨੂੰ ਭਟਕਾਉਣ ਅਤੇ ਚਿੱਤ ਵਿੱਚ ਕਾਹਲ ਵਰਤਾਉਣ ਵੱਲ ਮੁੜ ਗਈ ਹੈ।

ਜਨਵਰੀ ੨੦੨੩ ਵਿੱਚ ਸੰਤਾਂ ਦੀ ੯੬ਵੀਂ ਯਾਦ ਦੌਰਾਨ 'ਸਿੱਖ ਜਥਾ ਮਾਲਵਾ' ਵੱਲੋਂ ਮਸਤੂਆਣਾ ਸਾਹਿਬ ਵਿਖੇ ਪੜਾਅ ਕੀਤਾ ਗਿਆ, ਜਿਸ ਵਿਚ ਸਿੱਖ ਸੰਗਤਾਂ ਨਾਲ ਵਿਚਾਰਾਂ ਹੋਈਆਂ।[੧] ਸਾਂਝੇ ਨੁਕਤੇ ਵਜੋਂ ਇਹ ਗੱਲ ਸਾਹਮਣੇ ਆਈ ਕਿ ਜਿਸ ਤਰ੍ਹਾਂ ਦੀ ਇਕਾਂਤ ਅਤੇ ਬੰਦਗੀ ਵਾਲੀ ਜਗ੍ਹਾ ਦੇ ਤੌਰ 'ਤੇ ਸੰਤਾਂ

---

੧. ਵੇਖੋ ਪੰਨਾ ੨੫

ਨੇ ਮਸਤੂਆਣਾ ਸਾਹਿਬ ਨੂੰ ਚਿਤਵਿਆ ਸੀ, ਉਸ ਦਿਸ਼ਾ ਵੱਲ ਲਿਜਾਣ ਲਈ ਸਿੱਖ ਸੰਗਤ ਨੂੰ ਉਦਮ ਵਧਾਉਣ ਦੀ ਹੁਣ ਬਹੁਤ ਲੋੜ ਬਣ ਗਈ ਹੈ। ਅਜਿਹੇ ਅਮਲ ਜਿਹੜੇ ਇਸ ਪਵਿੱਤਰ ਯਾਦ ਦੇ ਅਹਿਸਾਸ ਨੂੰ ਲਗਾਤਾਰ ਧੁੰਦਲਾ ਕਰ ਰਹੇ ਹਨ, ਉਹਨਾਂ ਦੇ ਸੰਭਾਵੀ ਹੱਲ ਅਤੇ ਇਸ ਪਾਸੇ ਕਰਨਯੋਗ ਕਾਰਜਾਂ ਬਾਬਤ ਸਾਨੂੰ ਸਭ ਨੂੰ ਆਪੋ ਆਪਣੀ ਸਮਰੱਥਾ ਅਨੁਸਾਰ ਪਹਿਲ ਦੇ ਅਧਾਰ 'ਤੇ ਉੱਦਮ ਕਰਨੇ ਚਾਹੀਦੇ ਹਨ। ਸੰਤ ਜੀ ਨੂੰ ਦਿਲੋਂ ਚਾਹੁਣ ਤੇ ਸਤਿਕਾਰ ਕਰਨ ਵਾਲਿਆਂ ਵੱਲੋਂ ਸੰਤ ਜੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਤਰ੍ਹਾਂ ਇਸ ਵੱਡੇ ਕਾਰਜ ਦੀ ਸ਼ੁਰੂਆਤ ਹੋਈ।

ਯਤਨ ਅਰੰਭ

੧੦ ਸਤੰਬਰ ੨੦੨੩ ਨੂੰ ਗੁਰਦੁਆਰਾ ਸਾਹਿਬ ਅਕਾਲ ਬੁੰਗਾ, ਮਸਤੂਆਣਾ ਸਾਹਿਬ ਵਿਖੇ ਸਿੱਖ ਜਥਾ ਮਾਲਵਾ ਵੱਲੋਂ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਗਈ ਅਤੇ ਪਾਤਿਸਾਹ ਤੋਂ ਹੁਕਮ ਲੈ ਕੇ ਅਗਲੇ ਕਾਰਜ ਸ਼ੁਰੂ ਕਰਨ ਦੀ ਆਗਿਆ ਲਈ ਗਈ। ਪਿੰਡ ਪਿੰਡ ਜਾ ਕੇ ਉਥੋਂ ਦੀਆਂ ਲੰਗਰ ਕਮੇਟੀਆਂ, ਨੌਜਵਾਨ ਜਥਿਆਂ, ਗੁਰਦੁਆਰਾ ਸੇਵਾ ਸੰਭਾਲ ਜਥੇ (ਪ੍ਰਬੰਧਕ ਕਮੇਟੀਆਂ), ਨਗਰ ਪੰਚਾਇਤਾਂ, ਪ੍ਰਚਾਰਕਾਂ ਅਤੇ ਹੋਰ ਅਹਿਮ ਸ਼ਖਸੀਅਤਾਂ ਨੂੰ ਮਿਲਿਆ ਗਿਆ, ਵਿਚਾਰਾਂ ਕੀਤੀਆਂ ਗਈਆਂ ਅਤੇ ਪ੍ਰਚਾਰ ਹਿਤ ਵੰਡਣ ਲਈ ਕੁਝ ਲਿਖਤੀ ਪਰਚੇ ਤਿਆਰ ਕੀਤੇ ਗਏ। ਜਿਸ ਤੋਂ ਬਾਅਦ ੫੧ ਵੱਖ-ਵੱਖ ਪਿੰਡਾਂ/ਜਥਿਆਂ/ਸੰਸਥਾਵਾਂ[੨] ਵੱਲੋਂ ਮਸਤੂਆਣਾ ਸਾਹਿਬ ਸਲਾਨਾ ਜੋੜ ਮੇਲ ਦੀ ਪਵਿੱਤਰਤਾ ਬਹਾਲ ਕਰਨ ਹਿਤ ਫੈਰੀ ਲੋੜੀਂਦੀਆਂ ਤਬਦੀਲੀਆਂ ਲਈ ਮਤੇ[੩] ਪਾਏ ਗਏ।

੨੨ ਅਕਤੂਬਰ ੨੦੨੩ ਨੂੰ ਸੰਗਤ ਵਲੋਂ ਮਸਤੂਆਣਾ ਸਾਹਿਬ ਦੇ ਮੁੱਖ ਪ੍ਰਬੰਧਕ, ਜਿਨ੍ਹਾਂ ਵਿੱਚ ਸ. ਜਸਵੰਤ ਸਿੰਘ ਖਹਿਰਾ (ਸਕੱਤਰ ਅਕਾਲ ਕਾਲਜ ਕੌਂਸਲ), ਭਾਈ ਹਰਬੇਅੰਤ ਸਿੰਘ (ਮੁੱਖ ਸੇਵਾਦਾਰ, ਗੁਰਦੁਆਰਾ ਸਾਹਿਬ ਮਾਤਾ ਭੋਲੀ ਕੌਰ ਜੀ) ਅਤੇ ਭਾਈ ਦਰਸ਼ਨ ਸਿੰਘ (ਮੁੱਖ ਸੇਵਾਦਾਰ, ਗੁਰਦੁਆਰਾ ਅੰਗੀਠਾ ਸਾਹਿਬ) ਸ਼ਾਮਲ ਸਨ, ਨੂੰ ਮਤਿਆਂ ਦੀਆਂ ਕਾਪੀਆਂ ਸੰਗਤ ਦੇ ਲਿਖਤੀ ਹੁਕਮ ਨਾਲ ਨੱਥੀ ਕਰਕੇ ਸੌਂਪੀਆਂ ਗਈਆਂ[੪]। ਪਿੰਡਾਂ ਵਿੱਚ ਅਤੇ ਮਸਤੂਆਣਾ ਸਾਹਿਬ ਅੰਦਰ ਜੋੜ ਮੇਲ ਦੀ ਪਵਿੱਤਰਤਾ ਸਬੰਧੀ ਜਾਣਕਾਰੀ ਦਿੰਦੇ ਵੱਡੇ ਫਲੈਕਸ ਲਗਾਏ ਗਏ ਅਤੇ ਮਸਤੂਆਣਾ ਸਾਹਿਬ ਦੇ ਨੇੜਲੇ ਪਿੰਡਾਂ ਵਿੱਚ ਛੋਟੇ-ਛੋਟੇ ਸਮਾਗਮ ਕੀਤੇ ਗਏ। ਮਸਤੂਆਣਾ ਸਾਹਿਬ ਦੇ ਤਿੰਨੇ ਪ੍ਰਬੰਧਕ ਸੰਗਤ ਨਾਲ ਸਹਿਮਤ ਹੋਏ ਅਤੇ ਇਹ ਕਾਰਜ ਸਭ ਦਾ ਸਾਂਝਾ ਬਣ ਗਿਆ। ਅਕਾਲ ਕਾਲਜ

---

੨. ਵੇਖੋ ਪੰਨਾ ੨੬

੩. ਵੇਖੋ ਪੰਨਾ ੫੧-੧੩੫

੪. ਵੇਖੋ ਪੰਨਾ ੨੮

ਕੌਂਸਲ ਵਲੋਂ ਇਸ ਸਬੰਧੀ ਲਿਖਤੀ ਮਤਾ[੫] ਵੀ ਲਿਆਂਦਾ ਗਿਆ । ਫੈਸਲਾ ਹੋਇਆ ਕਿ ਜੋੜ ਮੇਲ ਦੌਰਾਨ ਹਦੂਦ ਅੰਦਰ ਸਿਰਫ ਗੁਰਮਤਿ ਅਨੁਸਾਰ ਦੁਕਾਨਾਂ ਹੀ ਹੋਣਗੀਆਂ, ਹਦੂਦ ਅੰਦਰ ਕੋਈ ਝੂਲਾ ਨਹੀਂ ਲੱਗੇਗਾ, ਲੰਗਰਾਂ ਅਤੇ ਟਰੈਕਟਰਾਂ ਦੇ ਸਪੀਕਰ ਬੰਦ ਰਹਿਣਗੇ, ਹਰ ਇਕ ਪੰਡਾਲ ਦੇ ਸਪੀਕਰਾਂ ਦੀ ਅਵਾਜ ਸਿਰਫ ਪੰਡਾਲ ਤੱਕ ਸੀਮਤ ਰੱਖੀ ਜਾਵੇਗੀ।

ਵਿਗਾੜ ਅਚਾਨਕ ਨਹੀਂ ਆਉਂਦੇ ਤੇ ਇਸ ਦਾ ਅਹਿਸਾਸ ਵੀ ਕਈ ਵਾਰ ਸਮੇਂ ਸਿਰ ਨਹੀਂ ਹੁੰਦਾ। ਸਤਿਗੁਰ ਰਹਿਮਤ ਕਰਨ ਤਾਂ ਇਹਨਾਂ ਵਿਗਾੜਾਂ ਨੂੰ ਠੱਲ ਪਾ ਕੇ ਮੋੜਾ ਪਾਉਣ ਦੇ ਮੌਕੇ ਮਿਲਦੇ ਹਨ। ਇਸੇ ਤਰ੍ਹਾਂ ਦਾ ਮੌਕਾ ਪਾਤਿਸਾਹ ਨੇ ਮਸਤੂਆਣਾ ਸਾਹਿਬ ਦੇ ਨੇੜਲੇ ਪਿੰਡਾਂ ਦੀ ਸੰਗਤ ਅਤੇ ਪ੍ਰਬੰਧਕਾਂ ਨੂੰ ਬਖਸ਼ਿਆ ਤੇ ਮਸਤੂਆਣਾ ਸਾਹਿਬ ਦੇ ਸਲਾਨਾ ਜੋੜ ਮੇਲ ਵਿਚ ਆਏ ਵਿਗਾੜ ਬਾਰੇ ਸੋਝੀ ਬਖਸ਼ੀ।

---

੫. ਵੇਖੋ ਪੰਨਾ ੩੧-੩੩

ਇਤਿਹਾਸਕ ਮੋੜ ਦਾ ਪਹਿਲਾ ਸਾਲ (੨੦੨੪)

ਜੋੜ ਮੇਲ ਦੌਰਾਨ ਲੰਗਰਾਂ ਵਾਲਿਆਂ ਵੱਲੋਂ ਅਤੇ ਟ੍ਰੈਕਟਰਾਂ ਵਾਲੇ ਵੀਰਾਂ ਵੱਲੋਂ ਪੂਰਾ ਸਹਿਯੋਗ ਮਿਲਿਆ, ਨਾ ਹੀ ਲੰਗਰਾਂ ਵਾਲਿਆਂ ਨੇ ਸਪੀਕਰਾਂ ਦੀ ਵਰਤੋਂ ਕੀਤੀ ਅਤੇ ਨਾ ਹੀ ਹਦੂਦ ਅੰਦਰ ਟ੍ਰੈਕਟਰ ਵਾਲੇ ਵੀਰਾਂ ਨੇ ਡੈੱਕ ਲਗਾਏ। ਅਕਾਲ ਕਾਲਜ ਕੌਂਸਲ ਵੱਲੋਂ ਆਪਣੇ ਵਲੰਟੀਅਰ ਸੰਗਤ ਦੇ ਸਹਿਯੋਗ ਲਈ ਲਗਾਏ ਗਏ। ਦੁਕਾਨਾਂ ਦਾ ਪਹਿਰਾ ਸਿੰਘਾਂ ਤੇ ਵਲੰਟੀਅਰਾਂ ਨੇ ਮਿਲ ਕੇ ਰੱਖਿਆ, ਜਿਥੇ ਲੋੜ ਪਈ ਸਖਤੀ ਕੀਤੀ ਗਈ।

ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸਪੀਕਰ ਬੰਦ ਰਹੇ। ਸੰਗਤਾਂ ਵੱਲੋਂ ਕੀਤੇ ਜਾ ਰਹੇ ਹਰਿ ਜਸੁ ਕੀਰਤਨ ਨਾਲ ਨਗਰ ਕੀਰਤਨ ਦਾ ਮਹੌਲ ਬਹੁਤ ਖੂਬਸੂਰਤ ਸੀ। ਮਨਮਤੀ ਦੁਕਾਨਾਂ ਦੀ ਥਾਂ ਕਕਾਰ, ਕਿਤਾਬਾਂ, ਤਸਵੀਰਾਂ, ਸ਼ਸਤਰਾਂ ਆਦਿ ਦੀਆਂ ਦੁਕਾਨਾਂ/ਪ੍ਰਦਰਸ਼ਨੀਆਂ ਹੀ ਹਦੂਦ ਅੰਦਰ ਲੱਗੀਆਂ। ਪ੍ਰਬੰਧਕਾਂ ਨੇ ਵੀ ਪੰਡਾਲਾਂ 'ਚ ਚੱਲਦੇ ਸਮਾਗਮਾਂ ਦੀ ਅਵਾਜ ਸੀਮਤ ਰੱਖੀ, ਜਿੱਥੇ ਕਿਤੇ ਹਲਕੀ ਜਿਹੀ ਢਿੱਲ ਪਾਈ ਗਈ, ਪ੍ਰਬੰਧਕਾਂ ਨੂੰ ਚੇਤੇ ਕਰਵਾਇਆ ਗਿਆ।

ਨਾ ਹੀ ਵਿਗਾੜ ਇੱਕ ਦਮ ਆਉਂਦੇ ਹਨ ਅਤੇ ਨਾ ਹੀ ਸੁਧਾਰ ਇੱਕ ਦਮ ਆਉਣਾ ਸੀ। ਵੱਡੇ ਛੋਟੇ ਸਭ ਤਰ੍ਹਾਂ ਦੇ ਝੂਲੇ ਹਦੂਦ ਅੰਦਰੋਂ ਬੰਦ ਹੋ ਗਏ, ਹਦੂਦ ਤੋਂ ਬਾਹਰ ਝੂਲੇ ਪਹਿਲਾਂ ਦੀ ਤਰ੍ਹਾਂ ਹੀ ਲੱਗਦੇ ਰਹੇ। ਉਨ੍ਹਾਂ ਸਭ ਨੂੰ ਆਉਂਦੇ ਸਾਲਾਂ ਲਈ ਸੰਗਤ ਦੇ ਫੈਸਲਿਆਂ ਬਾਰੇ ਜਾਣੂ ਕਰਵਾ ਦਿੱਤਾ ਗਿਆ ਕਿ ਜੋੜ ਮੇਲ 'ਤੇ ਝੂਲੇ ਬੰਦ ਹਨ। ਇਸੇ ਕਰਕੇ ਪਹਿਲੇ ਸਾਲ ਝੂਲੇ ਵਾਲਿਆਂ 'ਤੇ ਸਖਤੀ ਨਹੀਂ ਕੀਤੀ, ਕਿਉਂ ਜੋ ਸਭ ਝੂਲੇ ਵਾਲੇ ਇਨ੍ਹਾਂ ਫੈਸਲਿਆਂ ਤੋਂ ਸਮੇਂ ਸਿਰ ਜਾਣੂ ਨਹੀਂ ਹੋ ਸਕੇ ਸਨ ਅਤੇ ਖਰਚਾ ਕਰਕੇ ਆ ਚੁੱਕੇ ਸਨ। ਸਖਤੀ ਕਰਨ ਨਾਲ ਉਹਨਾਂ ਦਾ ਮਾਲੀ ਨੁਕਸਾਨ ਹੋਣਾ ਸੀ, ਜਿਸ ਦਾ ਖਿਆਲ ਰੱਖਿਆ ਗਿਆ।

ਸਾਰੀ ਸੰਗਤ ਨੇ ਇਸ ਮਹੌਲ ਦੀ ਸ਼ਲਾਘਾ ਕੀਤੀ। ਪੁਲਸ ਪ੍ਰਸ਼ਾਸ਼ਨ ਦਾ ਵੀ ਕੰਮ ਕਾਫੀ ਘਟਿਆ, ਉਨ੍ਹਾਂ ਵੀ ਇਸ ਮਹੌਲ ਦੀ ਤਰੀਫ ਕੀਤੀ। ਮੀਡੀਆ ਅਦਾਰਿਆਂ ਨੇ ਜੋੜ ਮੇਲ ਦੇ ਮਹੌਲ ਨੂੰ ਕੈਮਰਿਆਂ ਵਿੱਚ ਕੈਦ ਕੀਤਾ।

ਮਸਤੂਆਣਾ ਸਾਹਿਬ ਦਾ ਇਹ ਜੋੜ ਮੇਲ ਇਤਿਹਾਸਕ ਹੋ ਨਿਬੜਿਆ।

ਨਿਰਵਿਘਣਤਾ ਨਾਲ ਜੋੜ ਮੇਲ ਦੀ ਸਮਾਪਤੀ ਉਪਰੰਤ ਗੁ:ਅਕਾਲ ਬੁੰਗਾ ਮਸਤੂਆਣਾ ਸਾਹਿਬ ਵਿਖੇ ੨੪ ਫਰਵਰੀ ੨੦੨੪ ਨੂੰ ਸ਼ੁਕਰਾਨਾ ਸਮਾਗਮ ਕੀਤਾ ਗਿਆ ਅਤੇ ਗੁਰੂ ਪਾਤਿਸਾਹ ਨੂੰ ਅਰਦਾਸ ਬੇਨਤੀ ਕੀਤੀ ਗਈ। ਇਸ ਉਦਮ ਲਈ ਵੱਖ-ਵੱਖ ਪਿੰਡਾਂ ਦੀ ਸੰਗਤ ਅਤੇ ਗੁਰੂ ਸਾਹਿਬ ਦਾ ਧੰਨਵਾਦ ਕੀਤਾ ਗਿਆ।

ਇਤਿਹਾਸਕ ਮੋੜ ਦਾ ਦੂਜਾ ਸਾਲ (੨੦੨੫)

ਪਿਛਲੇ ਸਾਲ ਹੋਈ ਤਬਦੀਲੀ ਨੂੰ ਹੋਰ ਬਿਹਤਰ ਕਰਦਿਆਂ ਸੰਗਤ ਦੇ ਉੱਦਮ ਸਦਕਾ ਸੰਤ ਜੀ ਦੀ ੬੮ਵੀਂ ਯਾਦ ਦੌਰਾਨ ਸਜਿਆ ਜੋੜ ਮੇਲ ਵੀ ਗੁਰਮਤਿ ਅਨੁਸਾਰੀ ਮਹੌਲ ਵਿੱਚ ਸੰਪੂਰਨ ਹੋਇਆ । ਪਿਛਲੇ ਸੁਧਾਰਾਂ ਨੂੰ ਵੇਖਦਿਆਂ ਇਲਾਕੇ ਦੀਆਂ ਹੋਰ ਸੰਗਤਾਂ ਅਤੇ ਜਥਿਆਂ[੬] ਨੇ ਇਸ ਕਾਰਜ ਵਿਚ ਸਹਿਯੋਗੀ ਵਜੋਂ ਸ਼ਮੂਲੀਅਤ ਕੀਤੀ।

ਗੁਰਦੁਆਰਾ ਗੁਰਸਾਗਰ ਸਾਹਿਬ ਵਿਖੇ ੨੪ ਅਕਤੂਬਰ ੨੦੨੪ ਨੂੰ ਵੱਖ ਵੱਖ ਜਥਿਆਂ ਨਾਲ ਸਬੰਧਿਤ ਨੁਮਾਇੰਦੇ ਗੁਰਦੁਆਰਾ ਗੁਰਸਾਗਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਕੱਠੇ ਹੋਏ ਅਤੇ ਜੋੜ ਮੇਲ ਦੇ ਸੁਧਾਰਾਂ ਵਿਚ ਸਤਿਗੁਰਾਂ ਦੀ ਓਟ ਲੈਣ ਲਈ ਅਰਦਾਸ ਬੇਨਤੀ ਕੀਤੀ।[੭]

ਜੋੜ ਮੇਲ ਦੇ ਸੁਧਾਰਾਂ ਬਾਰੇ ਪਿਛਲੇ ਸਾਲ ਦੇ ਨੁਕਤਿਆਂ ਨੂੰ ਬਰਕਰਾਰ ਰੱਖਦੇ ਹੋਏ ਝੂਲਿਆਂ ਨੂੰ ਜੋੜ ਮੇਲ ਤੋਂ ਪੂਰੀ ਤਰ੍ਹਾਂ ਬੰਦ ਕਰਨ ਬਾਰੇ ਫੈਸਲਾ ਲਿਆ ਗਿਆ।[੮] ਹਦੂਦ ਅੰਦਰ ਪੱਕੀਆਂ ਦੁਕਾਨਾਂ ਵਾਲੇ ਦੁਕਾਨਦਾਰਾਂ ਨੂੰ ਜੋੜ ਮੇਲ ਤੋਂ ਬਹੁਤ ਪਹਿਲਾਂ ਮਿਲ ਕੇ ਉਥੇ ਵੀ ਸਿਰਫ ਗੁਰਮਤਿ ਅਨੁਸਾਰੀ ਸਮਾਨ ਰੱਖਣ ਦਾ ਫੈਸਲਾ ਹੋਇਆ। ਉਨ੍ਹਾਂ ਦੀਆਂ ਪ੍ਰਬੰਧਕਾਂ ਦੇ ਨਾਲ ਬੈਠਕਾਂ ਜ਼ਰੀਏ ਉਨ੍ਹਾਂ ਨੂੰ ਹਦੂਦ ਤੋਂ ਬਾਹਰ ਬਿਨਾਂ ਕਿਸੇ ਕਿਰਾਏ ਦੇ ਥਾਂ ਦਿੱਤਾ ਗਿਆ । ਪੱਤਰਕਾਰ ਮਿਲਣੀ ਦੌਰਾਨ ਜੋੜ ਮੇਲ ਦੇ ਸਮਾਗਮਾਂ ਸਬੰਧੀ ਸਾਂਝਾ ਇਸਤਿਹਾਰ ਵੀ ਜਾਰੀ ਕੀਤਾ ਗਿਆ[੯] ਅਤੇ ਜੋੜ ਮੇਲ ਦੇ ਫੈਸਲਿਆਂ ਬਾਰੇ ਸਭ ਨੂੰ ਖਬਰਾਂ, ਇਸ਼ਤਿਹਾਰਾਂ ਅਤੇ ਬਿਜਲਈ ਸਾਧਨਾਂ ਦੇ ਰਾਹੀਂ ਜਾਣੂ ਕਰਵਾ ਦਿੱਤਾ ਗਿਆ।

ਹਦੂਦ ਦੇ ਅੰਦਰਲਾ ਅਤੇ ਬਾਹਰਲਾ ਮਹੌਲ ਵੇਖਿਆਂ ਸਹਿਜੇ ਅੰਦਾਜ਼ਾ ਲਗਾਇਆ ਜਾ ਸਕਦਾ ਸੀ ਕਿ ਮਹੌਲ ਕਿੱਥੋਂ ਤੋਂ ਕਿੱਥੇ ਪਹੁੰਚ ਗਿਆ ਹੈ। ਜਿਸ

---

੬. ਵੇਖੋ ਪੰਨਾ ੩੪

੭. ਵੇਖੋ ਪੰਨਾ ੩੫

੮. ਵੇਖੋ ਪੰਨਾ ੩੬

੯. ਵੇਖੋ ਪੰਨਾ ੩੭

ਤਰ੍ਹਾਂ ਦੇ ਸਿੱਖਾਂ ਦੇ ਜੋੜ ਮੇਲ ਹੋਣੇ ਚਾਹੀਦੇ ਕਿ ਜੋੜ ਮੇਲਾਂ ਵਿਚ ਸੰਗਤ ਨਾਮ ਜਪਣ, ਸੇਵਾ ਸਿਮਰਨ ਅਤੇ ਸੰਗਤੀ ਵਿਚਾਰਾਂ ਲਈ ਜੁੜੇ, ਜਿਥੇ ਆ ਕੇ ਸਭ ਦਾ ਮਨ ਗੁਰਮਤਿ ਵਿਚ ਰੰਗਿਆ ਜਾਵੇ ਅਤੇ ਫਿੱਕੇ, ਗੂੜ੍ਹੇ ਰੰਗ ਦੇ ਹੋ ਜਾਣ। ਇਸ ਤਰ੍ਹਾਂ ਦਾ ਮਹੌਲ ਦੇਣ ਦੀ ਕੋਸ਼ਿਸ ਕੀਤੀ ਗਈ ਕਿ ਜੋੜ ਮੇਲਾਂ ਅੰਦਰੋਂ ਸਿੱਖ ਲੋਕਾਈ ਗੁਰਮਤਿ ਬਾਰੇ ਕੁਝ ਨਾ ਕੁਝ ਗ੍ਰਹਿਣ ਕਰਕੇ ਜਾਵੇ, ਐਵੇਂ ਦੁਨਿਆਵੀ ਮੌਜ ਮੇਲਿਆਂ ਤੱਕ ਸੀਮਤ ਨਾ ਰਹੇ। ਸਿੱਖ ਸੰਗਤ ਅਜਿਹਾ ਪਵਿਤਰਤਾ ਦਾ ਮਹੌਲ ਬਣਾ ਸਕਦੀ ਸੀ ਅਤੇ ਗੁਰੂ ਕਿਰਪਾ ਨਾਲ ਅਜਿਹਾ ਕਰਨ ਵਿਚ ਸਫਲ ਰਹੀ।

ਜਿਥੇ ਪਹਿਲੀ ਵਾਰ ਇਹ ਕਾਰਜ ਅਸੰਭਵ ਜਾਪਦਾ ਹੋਣ ਕਰਕੇ ਅੜਿੱਕੇ ਖੜੇ ਨਹੀਂ ਕੀਤੇ ਗਏ, ਉਥੇ ਸੁਧਾਰਾਂ ਦੇ ਦੂਜੇ ਸਾਲ ਕਾਫ਼ੀ ਅੜਿਕੇ ਪੇਸ਼ ਆਉਂਦੇ ਰਹੇ, ਜਿੰਨਾਂ ਵਿੱਚ ਪੁਲਸ ਰਾਹੀਂ ਝੂਲੇ ਵਾਲਿਆਂ ਵਲੋਂ ਦਬਾਅ, ਜ਼ਮੀਨ ਮਾਲਕਾਂ ਵਲੋਂ ਵੱਖ ਵੱਖ ਤਰੀਕੇ ਝੂਲੇ ਲਾਉਣ ਦੀ ਆਗਿਆ ਦੇਣ ਲਈ ਦਬਾਅ, ਜੋੜ ਮੇਲ ਦੇ ਫੈਸਲਿਆਂ ਵਿਰੁੱਧ ਕਿਸੇ ਤਰੀਕੇ ਸਵਾਲ ਖੜੇ ਕਰਨੇ ਆਦਿ ਯਤਨ ਹੁੰਦੇ ਰਹੇ। ਬਾਵਜੂਦ ਇਸ ਦੇ ਸੰਗਤ ਵਿਚੋਂ ਬਹੁਤੇ ਨੇਕ ਆਦਮੀ ਸਮੇਂ-ਸਮੇਂ ਸਿਰ ਇਨ੍ਹਾਂ ਮਸਲਿਆਂ ਨੂੰ ਹੱਲ ਕਰਵਾਉਣ ਲਈ ਬਹੁੜਦੇ ਰਹੇ।

ਬਹੁਤ ਸਾਰੇ ਧਾਰਮਿਕ ਆਗੂਆਂ ਅਤੇ ਆਮ ਲੋਕਾਂ ਨੇ ਮਹੌਲ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਿਥੇ ਮੇਲਿਆਂ ਵਿਚ ਲੋਕ ਤਰ੍ਹਾਂ ਤਰ੍ਹਾਂ ਦੇ ਰਸ ਮਾਨਣ ਲਈ ਆਉਂਦੇ ਹਨ, ਉਥੇ ਜੋੜ ਮੇਲ ਰਸਾਂ ਨੂੰ ਵਧਾਉਣ ਲਈ ਨਹੀਂ ਬਲਕਿ ਰਸਾਂ ਤੋਂ ਮੁਕਤ ਹੋਣ ਲਈ ਵਾਤਾਵਰਨ ਦੀ ਸਿਰਜਣਾ ਕਰਦੇ ਹੋਣੇ ਚਾਹੀਦੇ ਹਨ। ਜੋੜ ਮੇਲ ਉਪਰੰਤ ਮਸਤੂਆਣਾ ਸਾਹਿਬ ਦੇ ਨੇੜਲੇ ਕਰੀਬ ੫੦ ਪਿੰਡਾਂ ਦਾ ਸਨਮਾਨ ਕੀਤਾ ਗਿਆ। ਸੰਗਤ ਦੀ ਸਾਂਝੀ ਅਰਦਾਸ ਸਦਕਾ ਸਤਿਗੁਰਾਂ ਨੇ ਰਹਿਮਤ ਕਰਕੇ ਸਾਰੇ ਕਾਰਜ ਰਾਸ ਕੀਤੇ।

ਇਤਿਹਾਸਕ ਮੋੜ ਦਾ ਤੀਜਾ ਸਾਲ (੨੦੨੬)

ਸੰਤ ਜੀ ਦੀ ੬੬ਵੀਂ ਸਲਾਨਾ ਯਾਦ ਨੂੰ ਮੁੱਖ ਰੱਖਦਿਆਂ ਇਸ ਵਰ੍ਹੇ ਵੀ ਇਲਾਕੇ ਦੀ ਸੰਗਤ, ਜਥਿਆਂ ਅਤੇ ਪ੍ਰਬੰਧਕਾਂ ਦੇ ਸਾਂਝੇ ਸਹਿਯੋਗ ਨਾਲ ਜੋੜ ਮੇਲ ਗੁਰਮਤਿ ਅਨੁਸਾਰੀ ਮਹੌਲ ਵਿੱਚ ਸੰਪੂਰਨ ਹੋਇਆ।

ਪਿਛਲੇ ਸਾਲਾਂ ਦੇ ਸੁਧਾਰਾਂ ਨੂੰ ਬਰਕਰਾਰ ਰੱਖਦਿਆਂ ਜੋੜ ਮੇਲ ਤੋਂ ਕੁਝ ਦਿਨ ਪਹਿਲਾਂ ਮੀਡੀਆ ਵਿਚ ਜੋੜ ਮੇਲ ਸਬੰਧੀ ਵਿਸਥਾਰ ਵਿਚ ਜਾਣਕਾਰੀ ਸਾਂਝੀ ਕਰ ਦਿੱਤੀ ਸੀ।[੧੦]

ਜੋੜ ਮੇਲ ਦੇ ਮਹੌਲ ਪ੍ਰਤੀ ਉਦਮ ਕਰ ਰਹੀ ਸਿੱਖ ਸੰਗਤ ਵਲੋਂ ਤਿੰਨੇ ਅਸਥਾਨਾਂ ਉਪਰ ਜਾ ਕੇ ਅਰਦਾਸ ਬੇਨਤੀ ਕਰਨ ਉਪਰੰਤ ਜੋੜ ਮੇਲ ਦੀਆਂ ਸੇਵਾਵਾਂ ਆਰੰਭ ਕਰ ਦਿੱਤੀਆਂ ਗਈਆਂ। ਪਿਛਲੇ ਸਾਲਾਂ ਦੇ ਸੁਧਾਰਾਂ ਵਿਚ ਢਿੱਲ ਲੈਣ ਲਈ ਇਕ ਦੋ ਬੰਦਿਆਂ ਵੱਲੋਂ ਯਤਨ ਹੋਏ ਤਾਂ ਕਿ ਕਿਤੇ ਇਹ ਸੁਧਾਰ ਪੱਕੇ ਤੌਰ 'ਤੇ ਸਥਾਪਤ ਨਾ ਹੋ ਜਾਣ। ਇਹਨਾਂ ਨੇ ਕੁਝ ਹੋਰ ਈਰਖਾ ਭਰੇ ਬੰਦਿਆਂ ਨੂੰ ਵੀ ਆਪਣੇ ਨਾਲ ਲਿਆ ਪਰ ਸਫਲ ਨਾ ਹੋ ਸਕੇ। ਇਨ੍ਹਾਂ ਵਲੋਂ ਕੁਝ ਪਿੰਡਾਂ ਦੇ ਲੰਗਰਾਂ ਦੇ ਪ੍ਰਬੰਧਕਾਂ ਨੂੰ ਵੀ ਸੰਪਰਕ ਕੀਤਾ ਗਿਆ ਤਾਂ ਕਿ ਝੂਲਿਆਂ ਦੀ ਪ੍ਰਵਾਨਗੀ ਸਬੰਧੀ ਹਾਮੀ ਲਈ ਜਾ ਸਕੇ ਪਰ ਲੰਗਰਾਂ ਵਾਲਿਆਂ ਨੇ ਇਸ ਤਰ੍ਹਾਂ ਦੇ ਗੁਰਮਤਿ ਵਿਰੋਧੀ ਸਹਿਯੋਗ ਲਈ ਮਨ੍ਹਾ ਕਰ ਦਿੱਤਾ। ਇੱਕ ਪਿੰਡ ਦੇ ਲੰਗਰ ਪ੍ਰਬੰਧਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ।

ਇਸ ਸਭ ਦੇ ਚਲਦਿਆਂ ਸੰਗਤ ਅਤੇ ਪ੍ਰਬੰਧਕਾਂ ਦੀ ਚੰਗੀ ਭੂਮਿਕਾ ਸਦਕਾ ਜੋੜ ਮੇਲ ਗੁਰਮਤਿ ਅਨੁਸਾਰੀ ਮਹੌਲ ਵਿਚ ਸੰਪੂਰਨ ਹੋਇਆ।

ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਦੇ ਮੰਚ ਤੋਂ ਕਈ ਅਹਿਮ ਪ੍ਰਚਾਰਕਾਂ ਨੇ ਬੋਲਦਿਆਂ ਇਸ ਸਾਰੇ ਮਹੌਲ ਦੀ ਸ਼ਲਾਘਾ ਕੀਤੀ। ਜੋੜ ਮੇਲ ਉਪਰੰਤ ਪਿਛਲੇ ਸਾਲਾਂ ਤੋਂ ਜੋੜ ਮੇਲ ਦੇ ਪ੍ਰਥਾਏ ਤਿਲ ਫੁਲ ਸੇਵਾਵਾਂ ਨਿਭਾਉਣ ਵਾਲੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਭ ਸੰਗਤ ਵਲੋਂ ਵੀ ਇਸ ਮਹੌਲ ਨੂੰ ਬਹੁਤ ਸਰਾਹਿਆ ਗਿਆ।

---

੧੦. ਵੇਖੋ ਪੰਨਾ ੩੮

ਸੰਖੇਪ ਪੜਚੋਲ

ਜੇਕਰ ਪਿਛਲੇ ਤਿੰਨ ਜੋੜ ਮੇਲਾਂ ਦੀ ਸੰਖੇਪ ਪੜਚੋਲ ਕਰਨੀ ਹੋਵੇ ਤਾਂ ਕੁੱਲ ਮਿਲਾ ਕੇ ਸਭ ਕੁਝ ਬਹੁਤ ਬਿਹਤਰ ਰਿਹਾ ਹੈ। ਤਿੰਨੇ ਸਾਲ ਲਏ ਗਏ ਫੈਸਲੇ ਨਿਭਾਏ ਗਏ ਹਨ। ਇਸ ਸਭ ਲਈ ਪ੍ਰਬੰਧਕ, ਲੰਗਰ ਕਮੇਟੀਆਂ, ਸੇਵਾਦਾਰ ਅਤੇ ਇਲਾਕੇ ਦੀ ਸੰਗਤ ਵਧਾਈ ਦੀ ਪਾਤਰ ਹੈ।

ਕਿਉਂਕਿ ਪੜਚੋਲ ਵਿਚ ਸਭ ਕੁਝ ਵਿਚਾਰਨਾ ਚਾਹੀਦਾ ਹੈ ਇਸ ਕਰਕੇ ਚੰਗੇ ਦੇ ਨਾਲ ਨਾਲ ਜੋ ਚੰਗਾ ਨਹੀਂ ਹੋਇਆ ਜਾਂ ਹੋਰ ਚੰਗਾ ਕੀਤਾ ਜਾ ਸਕਦਾ ਹੈ ਉਸ ਦਾ ਵੀ ਜਿਕਰ ਇਥੇ ਕਰ ਰਹੇ ਹਾਂ।

ਕਿਸੇ ਵੀ ਤਰ੍ਹਾਂ ਦੇ ਵਿਗਾੜ ਨੂੰ ਠੀਕ ਕਰਨ ਲਈ ਮਿਹਨਤ ਕਰਨੀ ਹੀ ਪੈਂਦੀ ਹੈ, ਔਂਕੜਾਂ ਆਉਣੀਆਂ ਸੁਭਾਵਿਕ ਹਨ, ਔਂਕੜਾਂ ਤੋਂ ਸਿੱਖਣਾ ਚਾਹੀਦਾ ਹੈ। ਪ੍ਰਬੰਧਕ ਜੇਕਰ ਇੱਕ ਦੂਜੇ ਦੇ ਗੁਣਾਂ ਤੋਂ ਸਿੱਖਦਿਆਂ ਉਪਰਾਲੇ ਕਰਨ ਅਤੇ ਦੂਜੇ ਦੇ ਔਗੁਣਾਂ ਦੀ ਰੀਸ ਨਾ ਕਰਨ ਤਾਂ ਬੜਾ ਕੁਝ ਹੋਰ ਚੰਗਾ ਹੋ ਸਕਦਾ ਹੈ। ਸਪੀਕਰ ਲਗਾਉਣ ਵਿਚ ਮੁਕਾਬਲੇਬਾਜ਼ੀ ਦਾ ਤਿਆਗ ਕਰਨਾ ਪੈਣਾ ਹੈ, ਹਰ ਵਾਰ ਜੋੜ ਮੇਲ ਦੌਰਾਨ ਇਸ ਗੱਲ ਦੀ ਕਦੇ ਥੋੜ੍ਹੀ, ਕਦੇ ਬਹੁਤੀ ਢਿੱਲ ਰਹਿੰਦੀ ਰਹੀ ਹੈ।

ਇਸ ਤੋਂ ਬਿਨਾਂ ਇਹ ਵੀ ਪੜਚੋਲ ਦਾ ਮਸਲਾ ਹੈ ਕਿ ਭਾਵੇਂ ਮੁੱਖ ਪ੍ਰਬੰਧਕ ਸੰਗਤ ਦੇ ਫੈਸਲਿਆਂ ਨਾਲ ਸਹਿਮਤ ਹਨ ਪਰ ਬਾਵਜੂਦ ਇਸ ਦੇ ਪ੍ਰਬੰਧਕੀ ਢਾਚੇ ਨਾਲ ਸਬੰਧਤ ਕਈ ਹੋਰ ਮੈਂਬਰ, ਛੋਟੇ-ਵੱਡੇ ਅਹੁਦੇਦਾਰ, ਮੁਲਾਜ਼ਮ, ਪ੍ਰਬੰਧਕਾਂ ਦੇ ਨਜ਼ਦੀਕੀ ਆਦਿ ਵਲੋਂ ਸਾਂਝੇ ਫੈਸਲਿਆਂ ਦੇ ਉਲਟ ਕਾਰਵਾਈਆਂ ਹੁੰਦੀਆਂ ਰਹਿੰਦੀਆਂ ਹਨ, ਜੋ ਕਿ ਨਹੀਂ ਹੋਣੀਆਂ ਚਾਹੀਦੀਆਂ।

ਦੁਕਾਨਾਂ ਲਈ ਥਾਂ ਦੇਣ ਵਾਲੇ ਸੱਜਣਾਂ ਦੀ ਢਿੱਲ ਕਰਕੇ ਕਕਾਰਾਂ ਦੇ ਨਾਮ ਹੇਠ ਕਈ ਅਜਿਹੀਆਂ ਛੋਟੀਆਂ ਵਸਤੂਆਂ ਰੱਖ ਲਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਕਕਾਰਾਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਇਸੇ ਤਰ੍ਹਾਂ ਕਿਤਾਬਾਂ ਦੇ ਨਾਮ ਹੇਠ ਇਸ਼ਕ ਮਜਾਜੀ ਅਤੇ ਨਾਸਤਿਕਤਾ ਵਾਲੀਆਂ ਕਿਤਾਬਾਂ, ਸਿਹਤ ਦੇ ਨਾਮ ਹੇਠ ਭਾਰ ਘਟਾਉਣ, ਮਰਦਾਨਾ ਤਾਕਤ ਆਦਿ ਅਜਿਹੀਆਂ ਸਟਾਲਾਂ ਜਿਨ੍ਹਾਂ 'ਤੇ

ਔਰਤਾਂ ਦੀਆਂ ਘੱਟ ਕੱਪੜਿਆਂ ਵਾਲੀਆਂ ਤਸਵੀਰਾਂ ਲਗਾਈਆਂ ਹੁੰਦੀਆਂ ਹਨ।

ਇਸ ਤੋਂ ਬਿਨਾਂ ਕੁਝ ਸੱਜਣਾਂ ਨੇ ਜੋੜ ਮੇਲ ਨੂੰ ਪੰਥਕ ਨਜਰੀਏ ਨਾਲ ਵੇਖਣ ਦੀ ਬਜਾਏ ਮਾਇਕ ਤੌਰ 'ਤੇ ਘਾਟਾ ਪਵਾਉਣ, ਧੱਕਾ ਕਰਨ ਜਾਂ ਸਾਰੀਆਂ ਦੁਕਾਨਾਂ ਬੰਦ ਕਰਵਾਉਣ ਜਿਹੀਆਂ ਢਾਹੂ ਦਲੀਲਾਂ[੧੧] ਦੇ ਅਧਾਰ 'ਤੇ ਵੇਖਿਆ ਹੈ, ਇਹ ਸਭ ਸਾਡੀ ਪੜਚੋਲ ਦਾ ਮਸਲਾ ਹੈ। ਇਸ ਨੂੰ ਵਿਚਾਰ ਕੇ ਹੀ ਭਵਿੱਖ ਵਿਚ ਹੋਰ ਦਰੁਸਤੀ ਹੋ ਸਕਦੀ ਹੈ, ਜੇਕਰ ਨਾ ਵਿਚਾਰਿਆ ਤਾਂ ਮੁੜ ਸਭ ਕੁਝ ਨਿਘਾਰ ਵਾਲੇ ਪਾਸੇ ਨੂੰ ਚਲਾ ਜਾਵੇਗਾ।

---

੧੧. ਵੇਖੋ ਪੰਨਾ ੩੯

ਭਵਿੱਖ ਲਈ ਸੁਝਾਅ

ਲੰਘੇ ਜੋੜ ਮੇਲ ਦੌਰਾਨ ਪ੍ਰਬੰਧਕਾਂ, ਸੰਗਤਾਂ ਅਤੇ ਵਲੰਟੀਅਰ ਨੌਜਵਾਨਾਂ ਨੇ ਵਧੀਆ ਭੂਮਿਕਾ ਨਿਭਾਈ ਹੈ। ਇਸ ਸਭ ਲਈ ਇਹ ਸਾਰੇ ਵਧਾਈ ਦੇ ਪਾਤਰ ਹਨ। ਪਾਤਿਸਾਹ ਅਗਾਂਹ ਵੀ ਇਨ੍ਹਾਂ ਤੋਂ ਇਸੇ ਤਰ੍ਹਾਂ ਸੇਵਾਵਾਂ ਲੈਂਦੇ ਰਹਿਣ।

ਸੌ ਸਾਲਾ ਸਮਾਗਮਾਂ 'ਤੇ ਦੁਨੀਆਂ ਨੇ ਇਨ੍ਹਾਂ ਸੁਧਾਰਾਂ ਨੂੰ ਉਚੇਚਾ ਵੇਖਣਾ ਹੈ, ਜੋੜ ਮੇਲ ਦਾ ਇਹ ਮਹੌਲ ਇਨ੍ਹਾਂ ਸਮਾਗਮਾਂ ਉੱਤੇ ਅਤੇ ਉਸ ਤੋਂ ਬਾਅਦ ਵੀ ਇਸੇ ਤਰ੍ਹਾਂ ਬਰਕਰਾਰ ਰਹੇ ਇਸ ਸਬੰਧੀ **ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ** ਲਈ ਹੇਠਾਂ ਕੁਝ ਭਵਿੱਖ ਲਈ ਸੁਝਾਅ ਸਾਂਝੇ ਕਰ ਰਹੇ ਹਾਂ:

੧. ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਵਲੋਂ ੨੭ ਨਵੰਬਰ ੨੦੨੩ ਨੂੰ ਪਾਏ ਗਏ ਮਤੇ (੨੭੫੩/AG/੨੩) ਅਤੇ ਵੱਖ-ਵੱਖ ਪਿੰਡਾਂ ਦੀ ਸੰਗਤ ਵੱਲੋਂ ਮਸਤੂਆਣਾ ਸਾਹਿਬ ਦੇ ਤਿੰਨੇ ਪ੍ਰਬੰਧਕਾਂ ਨੂੰ ੨੨ ਅਕਤੂਬਰ ੨੦੨੩ ਨੂੰ ਜੋ ਸੰਗਤੀ ਹੁਕਮ ਸਮੇਤ ਮਤਿਆਂ ਦੀਆਂ ਕਾਪੀਆਂ ਸੌਂਪੀਆਂ ਗਈਆਂ ਸਨ, ਪ੍ਰਬੰਧਕਾਂ ਵਲੋਂ ਉਹਨਾਂ ਵਿਚ ਕੋਈ ਢਿੱਲ ਨਾ ਦਿੱਤੀ ਜਾਵੇ।

੨. ਜੋੜ ਮੇਲ ੨੦੨੫ ਦੌਰਾਨ ਜੋ ਨਵੇਂ ਫੈਸਲੇ ਲਏ ਗਏ ਸਨ, ਜਿਨ੍ਹਾਂ ਸਬੰਧੀ ੧੧ ਜਨਵਰੀ ੨੦੨੫ ਨੂੰ ਪੱਤਰਕਾਰ ਵਾਰਤਾ ਕੀਤੀ ਗਈ ਸੀ, ਉਨ੍ਹਾਂ ਵਿਚ ਵੀ ਕਿਸੇ ਕਿਸਮ ਦੀ ਕੋਈ ਢਿੱਲ ਨਾ ਦਿੱਤੀ ਜਾਵੇ।

੩. ਜੋੜ ਮੇਲ ਦੌਰਾਨ ਅੰਦਰ ਲੱਗਣ ਵਾਲੀਆਂ ਦੁਕਾਨਾਂ (ਖਾਸਕਰ ਸਿਹਤ ਅਤੇ ਕਿਤਾਬਾਂ ਨਾਲ ਸਬੰਧਿਤ) ਸਬੰਧੀ ੨੦੨੬ ਵਿੱਚ ਤੈਅ ਕੀਤੇ ਨਿਯਮ ਲਾਗੂ ਕਰਵਾਉਣੇ ਯਕੀਨੀ ਬਣਾਏ ਜਾਣ ਤਾਂ ਕਿ ਸਿਹਤ ਦੇ ਨਾਮ ਹੇਠ ਅਧ-ਨਗਨ ਤਸਵੀਰਾਂ ਅਤੇ ਕਿਤਾਬਾਂ ਦੇ ਨਾਮ ਹੇਠ ਇਸ਼ਕ ਮਜਾਜੀ ਅਤੇ ਨਾਸਤਿਕਤਾ ਵਾਲੀਆਂ ਕਿਤਾਬਾਂ ਨਾ ਅੰਦਰ ਆਉਣ।

੪. ਜੋੜ ਮੇਲ ਦੌਰਾਨ ਹਦੂਦ ਅੰਦਰ ਆਉਣ ਵਾਲੇ ਕੁੱਲ ੭ ਰਾਹ/ਦਰਵਾਜੇ ਬਣਦੇ ਹਨ (ਛੋਟੇ ਵੱਡੇ ਅਗਲੇ ਪਿਛਲੇ ਮਿਲਾ ਕੇ) ਜਿਥੋਂ ਇਹਨਾਂ ਦਿਨਾਂ ਵਿਚ ਸੰਗਤ ਜਾਂ ਸਾਧਨ ਅੰਦਰ ਆਉਂਦੇ ਹਨ, ਇਹਨਾਂ ਰਾਹਾਂ ਵਿਚੋਂ ਹੀ ਮਨਮਤਿ ਵਾਲਾ ਸਮਾਨ ਵੇਚਣ ਵਾਲੇ ਅੰਦਰ ਆ ਜਾਂਦੇ ਹਨ। ਪਰ ਪਿਛਲੇ ਦੋ ਸਾਲਾਂ ਤੋਂ

ਸਿੱਖ ਜਥਾ ਮਾਲਵਾ ਦੇ ਕਰੀਬ ੩੦ ਤੋਂ ੩੫ ਸਿੰਘ ਉਹਨਾਂ ਥਾਵਾਂ 'ਤੇ ਪਹਿਰਾ ਰੱਖਦੇ ਸਨ ਜਿਸ ਕਰਕੇ ਓਥੋਂ ਕੋਈ ਅੰਦਰ ਨਹੀਂ ਸੀ ਆਉਂਦਾ। ਪ੍ਰਬੰਧਕ ਜਰੂਰ ਉਹਨਾਂ ਥਾਵਾਂ 'ਤੇ ਆਪਣੇ ਵਲੰਟੀਅਰ ਲਗਾ ਕੇ ਇਹ ਪਹਿਰਾ ਯਕੀਨੀ ਬਣਾਉਣ। ਜੇਕਰ ਇਥੇ ਢਿੱਲ ਰਹਿ ਗਈ ਤਾਂ ਅੰਦਰ ਦਾ ਮਹੌਲ ਫਿਰ ਪਹਿਲਾਂ ਵਰਗਾ ਹੋਣ ਲੱਗ ਜਾਵੇਗਾ।

੫. ਫਤਿਹਗੜ੍ਹ ਸਾਹਿਬ ਦੀ ਤਰਜ 'ਤੇ[੧੨] ਮਸਤੂਆਣਾ ਸਾਹਿਬ ਦੇ ਪ੍ਰਬੰਧਕ ਜਿਲ੍ਹਾ ਪ੍ਰਸਾਸ਼ਨ ਵੱਲੋਂ ਪੱਕੇ ਹੁਕਮ ਕਰਵਾਉਣ ਤਾਂ ਕਿ ਹਰ ਸਾਲ[੧੩] ਝੂਲੇ ਆਦਿ ਵਾਲਿਆਂ ਨਾਲ ਉਲਝਣਾ ਨਾ ਪਵੇ ਅਤੇ ਸੰਤਾਂ ਦੀ ੧੦੦ ਸਾਲਾ ਯਾਦ ਇਤਿਹਾਸਕ ਬਣ ਜਾਏ ਜਿੱਥੋਂ ਇਹ ਸੁਧਾਰ ਹੋਰ ਵੀ ਪੱਕੇ ਕੀਤੇ ਜਾ ਸਕਣ।

੬. ਬਾਹਰੀ ਪ੍ਰਬੰਧਾਂ ਨੂੰ ਬਰਕਰਾਰ ਰੱਖਦਿਆਂ ਅੰਦਰ ਹੋਣ ਵਾਲੇ ਸਮਾਗਮਾਂ ਦੇ ਨਾਲ ਪੰਥ ਨੂੰ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਸਬੰਧੀ ਆਪਣੀ ਰਵਾਇਤ ਤੋਂ ਸੇਧ ਲੈਂਦਿਆਂ ਸਮਾਗਮ/ਵਿਚਾਰ ਚਰਚਾਵਾਂ ਕਰਵਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਜੋੜ ਮੇਲ ਦੀ ਸ਼ੁੱਧਤਾ ਦੇ ਇਸ ਪੱਖ ਤੋਂ ਵੀ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਨੂੰ ਪਹਿਲਕਦਮੀ ਕਰਨੀ ਚਾਹੀਦੀ ਹੈ।

ਇਤਿਹਾਸ ਸਾਰੀਆਂ ਘਟਨਾਵਾਂ ਦਾ ਸਾਖੀ ਹੁੰਦਾ ਹੈ, ਚੰਗੀਆਂ ਦਾ ਵੀ ਤੇ ਮਾੜੀਆਂ ਦਾ ਵੀ। ਅੱਜ ਵੀ ਰਾਜਨੀਤਕ ਤੇ ਧਾਰਮਿਕ ਸ਼ਖਸੀਅਤਾਂ ਨੂੰ ਉਹਨਾਂ ਵੱਲੋਂ ਲਏ ਗਏ ਗਲਤ ਫੈਸਲਿਆਂ ਕਰਕੇ ਦੋਸ਼ੀ ਠਹਿਰਾਇਆ ਜਾਂਦਾ ਹੈ ਅਤੇ ਉਹਨਾਂ ਨੂੰ ਵੀ ਯਾਦ ਰੱਖਿਆ ਜਾਂਦਾ ਹੈ ਜਿਨ੍ਹਾਂ ਸਿਰ ਫੈਸਲਾ ਲੈਣ ਦੀ ਜਿੰਮੇਵਾਰੀ ਸੀ ਤੇ ਉਨ੍ਹਾਂ ਨੇ ਪੰਥ ਦੇ ਹਿਤ ਵਿਚ ਫੈਸਲਾ ਲਿਆ। ਸਚੇ ਪਾਤਿਸਾਹ ਪ੍ਰਬੰਧਕਾਂ ਨੂੰ ਅਜਿਹੀ ਹੀ ਅਡੋਲਤਾ ਬਖਸ਼ਣ।

---

੧੨. ਵੇਖੋ ਪੰਨਾ ੪੩-੪੫

੧੩. ਵੇਖੋ ਪੰਨਾ ੪੬-੪੯

ਅਖੀਰ ਵਿਚ


ਮਸਤੂਆਣਾ ਸਾਹਿਬ ਦੇ ਪਿਛਲੇ ਤਿੰਨ ਜੋੜ ਮੇਲਾਂ ਦੌਰਾਨ ਮਹੌਲ ਵਿੱਚ ਵੱਡੀ ਤਬਦੀਲੀ ਆਈ ਹੈ। ਗੁਰਮਤਿ ਅਨੁਸਾਰੀ ਮਹੌਲ ਵੱਲ ਇਸ ਵੱਡੇ ਮੋੜ ਦੌਰਾਨ ਸੰਗਤ ਅਤੇ ਜਥਿਆਂ ਨੇ ਪ੍ਰਬੰਧਕਾਂ ਨੂੰ ਨਾਲ ਲੈ ਕੇ ਚੰਗੀ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਪ੍ਰਬੰਧਕਾਂ ਦਾ ਭਵਿੱਖ ਲਈ ਇਹ ਕਾਰਜ ਬੇਹੱਦ ਸੁਖਾਲਾ ਕਰ ਦਿੱਤਾ ਹੈ। ਸਭ ਦੇ ਸਾਂਝੇ ਉੱਦਮ ਸਦਕਾ ਬਾਹਰੀ ਪ੍ਰਬੰਧ ਸਥਿਰ ਹੋ ਗਿਆ ਹੈ, ਹੁਣ ਇਸ ਨੂੰ ਬਰਕਰਾਰ ਰੱਖਣ ਲਈ ਆਪਣੀ ਮੁਹਾਰਤ ਅਤੇ ਜਿੰਮੇਵਾਰੀ ਦੇ ਪੱਖੋਂ ਪ੍ਰਬੰਧਕ ਹੀ ਬਿਹਤਰ ਭੂਮਿਕਾ ਨਿਭਾਅ ਸਕਦੇ ਹਨ ਜੋ ਕਿ ਓਹਨਾਂ ਨੂੰ ਪੂਰੀ ਤਨਦੇਹੀ ਅਤੇ ਉੱਤਮ ਤਰਜੀਹ ਨਾਲ ਨਿਭਾਉਣੀ ਵੀ ਚਾਹੀਦੀ ਹੈ। ਕਿਉਂਕਿ ਅਕਸਰ ਹੀ ਜਦੋਂ ਪ੍ਰਬੰਧ ਤੋਂ ਬਾਹਰਲੇ ਜਥੇ/ਸੰਗਤ ਲਗਾਤਾਰ ਪ੍ਰਬੰਧ ਵਿਚਲੀ ਸੇਵਾ ਦੀ ਆਪ ਜਿੰਮੇਵਾਰੀ ਲੈ ਲੈਂਦੇ ਹਨ ਤਾਂ ਪ੍ਰਬੰਧਕਾਂ ਜਾਂ ਉਥੋਂ ਦੇ ਸੇਵਾਦਾਰਾਂ ਨਾਲ ਮਨ-ਮੁਟਾਵ ਦਾ ਸਬੱਬ ਬਣ ਜਾਂਦਾ ਹੈ। ਬਾਹਰਲੇ ਜਥਿਆਂ ਦਾ ਪ੍ਰਬੰਧ ਦੀ ਜਿੰਮੇਵਾਰੀ ਲੈਣਾ ਕਈ ਵਾਰ ਕੁਝ ਪ੍ਰਬੰਧਕਾਂ ਜਾਂ ਸੇਵਾਦਾਰਾਂ ਨੂੰ ਦਖਲਅੰਦਾਜੀ ਦੀ ਤਰ੍ਹਾਂ ਲੱਗਦਾ ਹੈ। ਭਾਵੇਂ ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ ਪਰ ਫਿਰ ਵੀ ਇਸ ਤਰ੍ਹਾਂ ਦਾ ਕੁਝ ਇੱਥੇ ਨਾ ਵਾਪਰੇ ਇਸ ਕਰਕੇ ਹੁਣ ਇਹ ਸਥਿਰ ਹੋ ਚੁੱਕੇ ਬਾਹਰੀ ਪ੍ਰਬੰਧ ਨੂੰ ਪ੍ਰਬੰਧਕ ਹੀ ਆਪਣੀ ਦੇਖ-ਰੇਖ ਹੇਠ ਬਰਕਰਾਰ ਰੱਖਣ ਤਾਂ ਕਿ ਸਿੱਖਾਂ ਵਿੱਚ ਆਪਸੀ ਕਿਸੇ ਕਿਸਮ ਦਾ ਮਤਭੇਦ ਪੈਦਾ ਹੀ ਨਾ ਹੋਵੇ। ਸੰਗਤ ਅਤੇ ਜਥਿਆਂ ਨੇ ਆਪਣੀ ਭੂਮਿਕਾ ਨਿਭਾਅ ਲਈ ਹੈ, ਹੁਣ ਪ੍ਰਬੰਧਕਾਂ ਨੂੰ ਆਪਣੀ ਨਿਭਾਉਣੀ ਚਾਹੀਦੀ ਹੈ। ਪਾਤਿਸਾਹ ਪ੍ਰਬੰਧਕਾਂ ਉੱਤੇ ਮਿਹਰ ਭਰਿਆ ਹੱਥ ਰੱਖਣ ਅਤੇ ਇਨ੍ਹਾਂ ਸੁਧਾਰਾਂ ਨੂੰ ਇਸ ਤੋਂ ਵੀ ਜ਼ਿਆਦਾ ਨਿਖਾਰ ਬਖਸ਼ਣ, ਸਾਡੀ ਸਦਾ ਇਹੀ ਅਰਦਾਸ ਰਹੇਗੀ।

ਜੋੜ ਮੇਲ, ਮੌਜੂਦਾ ਦਰਪੇਸ਼ ਚੁਣੌਤੀਆਂ ਲਈ ਵਿਚਾਰ ਵਟਾਂਦਰੇ ਰਾਹੀਂ ਸਾਂਝੀ ਨੀਤੀ ਅਤੇ ਪੈਂਤੜੇ ਤੈਅ ਕਰਨ ਹਿਤ ਗੁਰਮਤਾ ਸੋਧਣ ਦਾ ਸਬੱਬ ਵੀ ਹੁੰਦਾ ਹੈ। ਸੋ ਹੁਣ ਬਾਹਰੀ ਪ੍ਰਬੰਧਕੀ ਤਬਦੀਲੀਆਂ ਤੋਂ ਬਾਅਦ ਅਗਲਾ ਕਾਰਜ ਸਾਨੂੰ ਦਰਪੇਸ਼ ਚੁਣੌਤੀਆਂ ਸਬੰਧੀ ਸੁਬਾਦ ਰਚਾਉਣ, ਸਾਂਝੀ ਰਾਏ ਬਣਾਉਣ ਅਤੇ

ਆਪਣੇ ਜੁੜ ਬੈਠਣ ਦੇ ਰਵਾਇਤੀ ਤਰੀਕਾਕਾਰਾਂ ਨੂੰ ਮੁੜ ਸੁਰਜੀਤ ਕਰਨ ਜਿਹੇ ਉਪਰਾਲੇ ਕਰਨ ਦਾ ਵੀ ਬਣਦਾ ਹੈ। ਪਾਤਿਸਾਹ ਮਿਹਰ ਕਰਨ ੧੦੦ ਸਾਲਾ ਸਮਾਗਮਾਂ ਤੋਂ ਸਾਨੂੰ ਸਭਨਾਂ ਨੂੰ ਇਸ ਪਾਸੇ ਵੀ ਉੱਦਮ ਬਖਸ਼ਿਸ਼ ਕਰਕੇ ਯਤਨਸ਼ੀਲ ਕਰਨ ਤਾਂ ਕਿ ਅਸੀਂ ਆਪਣੀਆਂ ਮੁਕੱਦਸ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਵੱਲ ਵਧ ਸਕੀਏ।

ਦਸਤਾਵੇਜ਼/ਹਵਾਲੇ/ਤਸਵੀਰਾਂ

੧ ਫਰਵਰੀ ੨੦੨੩ ਨੂੰ ਮਸਤੂਆਣਾ ਸਾਹਿਬ ਜੋੜ ਮੇਲ ਦੌਰਾਨ 'ਸਿੱਖ ਜਥਾ ਮਾਲਵਾ' ਦੇ ਪੜਾਅ 'ਤੇ ਹੋਈ ਵਿਚਾਰ ਚਰਚਾ ਦਾ ਵੇਰਵਾ



ਸਿੱਖ ਜਥਾ ਮਾਲਵਾ
February 1, 2023 ·

ਸੰਤ ਅਤਰ ਸਿੰਘ ਜੀ (ਮਸਤੂਆਣਾ ਸਾਹਿਬ) ਦੀ ਬਰਸੀ ਸਬੰਧੀ ਸੰਗਤ ਨੇ ਵਿਚਾਰਾਂ ਕਰਕੇ ਲਿਆ ਅਹਿਮ ਫੈਸਲਾ।*

ਅਗਲੇ ਸਾਲ ਦੇ ਸਮਾਗਮਾਂ ਤੱਕ ਲੋੜੀਂਦੇ ਉੱਦਮ ਕਰਨ 'ਤੇ ਸਹਿਮਤੀ

ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਦੀ ੯੬ਵੀਂ ਬਰਸੀ ਸਬੰਧੀ ਚੱਲ ਰਹੇ ਸਮਾਗਮਾਂ ਵਿੱਚ ਸਿੱਖ ਜਥਾ ਮਾਲਵਾ ਦੇ ਪੜਾਅ 'ਤੇ ਲੰਘੀ ਸ਼ਾਮ ਹੋਈ ਵਿਚਾਰ ਚਰਚਾ ਦੌਰਾਨ 'ਸਭਾ 'ਚ ਇੱਕਤਰ ਹੋਣ ਅਤੇ ਯਾਦ ਮਨਾਉਣ ਦੀ ਪਰੰਪਰਾ" 'ਤੇ ਵਿਚਾਰਾਂ ਕੀਤੀਆਂ ਗਈਆਂ।

ਸਾਂਝੇ ਨੁਕਤੇ ਵਜੋਂ ਇਹ ਗੱਲ ਸਾਹਮਣੇ ਆਈ ਕਿ ਇਕਾਗਰਤਾ ਅਤੇ ਸ਼ਾਂਤੀ ਵਰਤਾਉਣ ਵਾਲੇ ਪਾਸੇ ਇਹਨਾਂ ਸਮਾਗਮ ਨੂੰ ਲਿਜਾਣ ਦੀ ਬਜਾਏ ਇਹਨਾਂ ਸਮਾਗਮਾਂ ਦੀ ਦਿਸ਼ਾ ਹੁਣ ਚਿੱਤ ਵਿੱਚ ਕਾਹਲ ਵਰਤਾਉਣ, ਮਨ ਨੂੰ ਭਟਕਾਉਣ ਵਾਲੇ, ਦੁਨਿਆਵੀ ਮੇਂਜ ਮੇਲੇ ਦੇ ਵੱਲ ਮੁੜਦੀ ਜਾ ਰਹੀ ਹੈ। ਜਿਸ ਤਰ੍ਹਾਂ ਦੀ ਇਕਾਂਤ ਅਤੇ ਬੰਦਗੀ ਵਾਲੀ ਜਗ੍ਹਾ ਦੇ ਤੌਰ 'ਤੇ ਸੰਤਾਂ ਨੇ ਮਸਤੂਆਣਾ ਸਾਹਿਬ ਨੂੰ ਚਿਤਵਿਆ ਸੀ, ਉਸ ਦਿਸ਼ਾ ਵੱਲ ਲਿਜਾਣ ਲਈ ਸਿੱਖ ਸੰਗਤ ਨੂੰ ਉਦਮ ਵਧਾਉਣ ਦੀ ਲੋੜ ਹੁਣ ਕਾਫ਼ੀ ਬਣ ਗਈ ਹੈ।

ਅਜਿਹੇ ਅਮਲ ਜਿਹੜੇ ਇਸ ਪਵਿੱਤਰ ਯਾਦ ਦੇ ਅਹਿਸਾਸ ਨੂੰ ਲਗਾਤਾਰ ਧੁੰਦਲਾ ਕਰ ਰਹੇ ਹਨ, ਉਹਨਾਂ ਦੇ ਸੰਭਾਵੀ ਹੱਲ ਅਤੇ ਅਗਲੇ ਸਾਲ ਤੱਕ ਇਸ ਪਾਸੇ ਕਰਨਯੋਗ ਕਾਰਜਾਂ ਬਾਬਤ ਵੱਖ-ਵੱਖ ਸਿੱਖ ਨੌਜਵਾਨਾਂ ਨੇ ਆਪਣੇ ਸੁਝਾਅ ਦਿੱਤੇ। ਅਗਲੇ ਸਾਲ ਤੱਕ ਇਸ ਪਾਸੇ ਵਿਚਾਰ ਪ੍ਰਵਾਹ ਤੋਰਨ, ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ, ਲੰਗਰ ਕਮੇਟੀਆਂ ਅਤੇ ਹੋਰ ਧਾਰਮਿਕ, ਸਨਮਾਨਯੋਗ ਅਤੇ ਜਿੰਮੇਵਾਰ ਸੱਜਣਾ ਨਾਲ ਰਾਬਤਾ ਕਰਕੇ ਜਮੀਨੀ ਪੱਧਰ ਉੱਤੇ ਲੋੜੀਦੇਂ ਸੁਧਾਰਾਂ ਲਈ ਉਦੱਮ ਕਰਨ ਲਈ ਸਾਰੇ ਸਿੱਖ ਨੌਜਵਾਨਾਂ ਨੇ ਸਹਿਮਤੀ ਪ੍ਰਗਟਾਈ।

ਮਸਤੂਆਣਾ ਸਾਹਿਬ ਜੋੜ ਮੇਲ ਦਾ ਮਹੌਲ ਗੁਰਮਤਿ ਅਨੁਸਾਰੀ ਬਣਾਉਣ ਲਈ ਸਹਿਯੋਗੀ ਨਗਰ/ਲੰਗਰ ਕਮੇਟੀਆਂ/ਜਥੇ/ਸੰਸਥਾਵਾਂ ਆਦਿ ਜਿਨ੍ਹਾਂ ਨੇ ਸੁਧਾਰਾਂ ਹਿੱਤ ਮਤੇ ਪਾਏ

- ਉੱਪਲੀ (ਗੁਰਦੁਆਰਾ ਸਾਹਿਬ)
- ਉਭਾਵਾਲ (ਲੰਗਰ ਕਮੇਟੀ)
- ਸੰਗਰੂਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗਿਆਨੀ ਦਿੱਤ ਸਿੰਘ ਕਿਤਾਬਘਰ, ਭਾਈ ਕਾਨ੍ਹ ਸਿੰਘ ਨਾਭਾ, ਗੱਤਕਾ ਅਖਾੜਾ ਬੇਗਮਪੁਰਾ)
- ਸੰਤੋਖਪੁਰਾ (ਗੁਰਦੁਆਰਾ ਸਾਹਿਬ)
- ਹਸਨਪੁਰ (ਗੁਰਦੁਆਰਾ ਸਾਹਿਬ)
- ਕਲੌਦੀ (ਗੁਰਦੁਆਰਾ ਸਾਹਿਬ)
- ਕਾਂਝਲਾ (ਗੁਰਦੁਆਰਾ ਸਾਹਿਬ ਬਾਬਾ ਜਗਤ ਸਿੰਘ)
- ਕੁਲਾਰਾਂ (ਸੰਗਤ)
- ਖਡਿਆਲ (ਲੰਗਰ ਕਮੇਟੀ, ਜੰਡਸਰ ਗੱਤਕਾ ਅਖਾੜਾ)
- ਖਿੱਲਰੀਆਂ (ਲੰਗਰ ਕਮੇਟੀ, ਗੁਰਦੁਆਰਾ ਸਾਹਿਬ, ਸਪੋਰਟਸ ਕਲੱਬ)
- ਚੰਗਾਲ (ਲੰਗਰ ਕਮੇਟੀ, ਗੁਰਦੁਆਰਾ ਸਾਹਿਬ)
- ਚੱਠਾ ਸੇਖਵਾਂ (ਗੁਰਦੁਆਰਾ ਸਾਹਿਬ)
- ਚੱਠਾ ਨਨਹੇੜਾ (ਲੰਗਰ ਕਮੇਟੀ)
- ਜਨਾਲ (ਪੰਚਾਇਤ)
- ਜੁਲਮਗੜ੍ਹ (ਗੁਰਦੁਆਰਾ ਸਾਹਿਬ)
- ਤਰੰਜੀ ਖੇੜਾ (ਲੰਗਰ ਕਮੇਟੀ)
- ਤੁੰਗਾਂ (ਲੰਗਰ ਕਮੇਟੀ)
- ਥਲੇਸਾਂ (ਲੰਗਰ ਕਮੇਟੀ)
- ਦੁੱਗਾਂ (ਲੰਗਰ ਕਮੇਟੀ, ਗੁਰਦੁਆਰਾ ਸਾਹਿਬ)
- ਧੂਰੀ (ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਨਗਰ, ਸ੍ਰੀ ਗੁਰਦੁਆਰਾ

ਰਾਮਗੜ੍ਹੀਆ ਸਭਾ)

- ਨੱਤਾਂ (ਲੰਗਰ ਕਮੇਟੀ)
- ਪੁੰਨਾਂਵਾਲ (ਗੁਰਦੁਆਰਾ ਸਾਹਿਬ)
- ਬਹਾਦਰਪੁਰ (ਗੁਰਦੁਆਰਾ ਸਾਹਿਬ)
- ਬਡਬਰ (ਗੁਰਦੁਆਰਾ ਸਾਹਿਬ, ਲੰਗਰ ਕਮੇਟੀ)
- ਬਾਲੀਆਂ (ਪੰਚਾਇਤ)
- ਬੇਨੜਾ (ਗੁਰਦੁਆਰਾ ਸਾਹਿਬ)
- ਭਿੰਡਰਾਂ (ਗੁਰਦੁਆਰਾ ਸਾਹਿਬ)
- ਭੂਰੇ (ਲੰਗਰ ਕਮੇਟੀ)
- ਭੈਣੀ ਜੱਸਾ (ਪੰਚਾਇਤ, ਲੰਗਰ ਕਮੇਟੀ)
- ਮਹਿਲਾਂ (ਲੰਗਰ ਕਮੇਟੀ, ਗੁਰਦੁਆਰਾ ਸਾਹਿਬ)
- ਰਟੌਲਾਂ (ਲੰਗਰ ਕਮੇਟੀ)
- ਰਾਜੋਮਾਜਰਾ (ਗੁਰਦੁਆਰਾ ਸਾਹਿਬ)
- ਲੱਡਾ (ਲੰਗਰ ਕਮੇਟੀ)
- ਲੋਹਾਖੇੜਾ (ਪੰਚਾਇਤ)
- ਲੌਂਗੋਵਾਲ (ਮਿਉਂਸਪਲ ਕੌਂਸਲ)
- ਮਾਨਵਤਾ ਦੀ ਸੇਵਾ ਸੰਸਥਾ, ਢੰਡੋਲੀ ਖੁਰਦ
- ਦਰਬਾਰ-ਏ-ਖਾਲਸਾ
- ਮੀਰੀ ਪੀਰੀ ਸੇਵਾ ਦਲ, ਮਾਲਵਾ ਜ਼ੋਨ
- ਵਿਚਾਰ ਸਭਾ ਲੱਖੀ ਜੰਗਲ ਖਾਲਸਾ, ਤਲਵੰਡੀ ਸਾਬੋ

੨੨ ਅਕਤੂਬਰ, ੨੦੨੩ ਨੂੰ ਇਲਾਕੇ ਦੀਆਂ ਸੰਗਤਾਂ ਵਲੋਂ ਆਪਣੇ ਮਤਿਆਂ ਸਮੇਤ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਨੂੰ ਸੌਂਪੇ ਗਏ ਲਿਖਤੀ ਹੁਕਮ

ਸੰਗਤ ਦਾ ਹੁਕਮ (੨੨ ਅਕਤੂਬਰ ੨੦੨੩)

ਸਤਿਕਾਰਯੋਗ ਸ. ਜਸਵੰਤ ਸਿੰਘ ਖਹਿਰਾ ਜੀ, ਬਾਬਾ ਦਰਸ਼ਨ ਸਿੰਘ ਜੀ ਅਤੇ ਬਾਬਾ ਹਰਬੇਅੰਤ ਸਿੰਘ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਜੋੜ ਮੇਲ ਦਾ ਮਤਲਬ ਸੰਗਤ ਦਾ ਜੁੜ ਬੈਠਕੇ ਨਾਮ ਜਪਣਾ, ਸੇਵਾ ਕਰਨਾ, ਗੁਰ ਉਪਦੇਸ ਸੁਣਨਾ, ਨਾਮ ਬਾਣੀ ਕੀਰਤਨ ਵਿਚ ਮਨ ਲਗਾਉਣ ਲਈ ਜੁੜਨਾ ਹੈ। ਖਾਲਸੇ ਦੇ ਜੋੜ ਮੇਲ ਆਮ ਮਨੁੱਖਾਂ ਦੇ ਮੇਲਿਆਂ ਵਰਗੇ ਨਹੀਂ ਹਨ। ਸੰਤਾਂ ਮਹਾਪੁਰਖਾਂ ਦੀ ਯਾਦ ਮਨਾਉਣ ਵੇਲੇ ਜੇਕਰ ਅਸੀਂ ਕੁਝ ਅਜਿਹਾ ਕਰ ਰਹੇ ਹਾਂ, ਜਿਹੜਾ ਸੇਵਾ, ਨਾਮ ਸਿਮਰਨ, ਅਤੇ ਗੁਰ ਉਪਦੇਸ ਲੈਣ ਲਈ ਇਕੱਤਰ ਹੋਈ ਸੰਗਤ ਦੀ ਮੂਲ ਭਾਵਨਾ ਵਿੱਚ ਵਿਘਨ ਪਾਵੇ ਤਾਂ ਇਹ ਸੰਤ ਜੀ ਦੀ ਨਿਰਾਦਰੀ ਹੈ। **ਜਿਸ ਮਕਸਦ ਲਈ ਸੰਤ ਜੀ ਨੇ ਮਸਤੂਆਣਾ ਸਾਹਿਬ ਸਥਾਨ ਪ੍ਰਗਟ ਕੀਤਾ ਹੈ, ਸਾਨੂੰ ਚਾਹੀਦਾ ਹੈ ਕਿ ਉਸ ਮਕਸਦ ਦੀ ਪਵਿੱਤਰਤਾ ਕਾਇਮ ਰੱਖੀ ਜਾਵੇ। ਇਸੇ ਪਵਿੱਤਰਤਾ ਦੀ ਕਾਇਮੀ ਲਈ ਸੰਗਤ ਆਪ ਜੀ ਨੂੰ ਹੇਠ ਲਿਖੇ ਹੁਕਮ ਕਰਦੀ ਹੈ:**

੧. ਮਸਤੂਆਣਾ ਸਾਹਿਬ ਮਹਾਪੁਰਖਾਂ ਦੀ ਧਰਤੀ ਹੈ, ਇਥੇ ਮਨ ਭਟਕਾਉਣ ਵਾਲੇ ਬਜ਼ਾਰ ਜਿਵੇਂ ਅੰਦਰਲੀਆਂ ਸੜਕਾਂ, ਸਰੋਵਰ ਦੇ ਦੁਆਲੇ ਲੱਗਦੀਆਂ ਦੁਕਾਨਾਂ ਉਪਰੋਂ ਖੇਡ ਖਿਡੌਣਿਆਂ ਦੀਆਂ ਅਵਾਜ਼ਾਂ, ਸਮਾਨ ਵੇਚਣ ਵਾਲਿਆਂ ਦੀਆਂ ਅਵਾਜ਼ਾਂ, ਚੰਡੋਲਾਂ ਉਪਰ ਚੀਕ ਚਿਹਾੜਿਆ ਦੀ ਅਵਾਜ਼, ਸਾਧਨਾਂ ਦੀ ਅਵਾਜ਼ ਆਦਿ ਨਹੀਂ ਹੋਣਾ ਚਾਹੀਦਾ। ਅਜਿਹਾ ਬਜ਼ਾਰ ਇੱਥੇ ਨਹੀਂ ਹੋਣਾ ਚਾਹੀਦਾ, ਜੇਕਰ ਕਿਸੇ ਵੱਡੀ ਮਜਬੂਰੀ ਬਸ ਤੁਸੀਂ ਇਹ ਸਭ ਕਰਨਾ ਹੈ ਤਾਂ ਇਸ ਦਾ ਪ੍ਰਬੰਧ ਗੁਰਦੁਆਰਾ ਸਾਹਿਬਾਨ ਦੀ ਹਦੂਦ ਤੋਂ ਬਾਹਰ ਕਿਸੇ ਵਿਹਲੀ ਜਮੀਨ ਵਿਚ ਹੋਵੇ। ਵੱਡੀ ਜਰਨੈਲੀ ਸੜਕ ਤੋਂ

ਅੰਦਰ ਅਤੇ ਪਿੱਛੋਂ ਚੰਗਾਲ ਵਾਲੇ ਪਾਸਿਉਂ ਮਸਤੂਆਣਾ ਸਾਹਿਬ ਦੀ ਹਦੂਦ ਅੰਦਰ ਦਾਖਲ ਹੁੰਦਿਆਂ ਅਜਿਹੀ ਕੋਈ ਦੁਕਾਨ ਜਾਂ ਝੁਲੇ ਨਾ ਹੋਣ।

੨. ਮਸਤੂਆਣਾ ਸਾਹਿਬ ਦਾਖਲ ਹੁੰਦਿਆਂ ਹੀ ਟ੍ਰੈਕਟਰਾਂ ਦੇ ਡੈੱਕ, ਗੱਡੀਆਂ ਉਪਰ ਡੀਜੇ, ਸਪੀਕਰ ਆਦਿ 'ਤੇ ਪੂਰਨ ਪਾਬੰਦੀ ਹੋਵੇ।

੩. ਲੰਗਰ ਬਾਰੇ ਸਪੀਕਰਾਂ ਰਾਹੀਂ ਬੋਲਣ ਅਤੇ ਲੰਗਰ ਵਿਚ ਮਾਇਆ ਲਈ ਹਿੱਸਾ ਪਾਉਣ ਲਈ ਵਾਰ-ਵਾਰ ਕਹਿਣਾ ਮੁਕੰਮਲ ਬੰਦ ਹੋਵੇ। ਲੰਗਰ ਦੀ ਜਾਣਕਾਰੀ ਲਈ ਜੇਕਰ ਲੋੜ ਜਾਪੇ ਤਾਂ ਲਿਖ ਕੇ ਕੋਈ ਤਖਤੀ (ਫਲੈਕਸ ਆਦਿ) ਲਗਾਈ ਜਾਵੇ।

੪. ਵੱਖ-ਵੱਖ ਸਥਾਨਾਂ 'ਤੇ ਚੱਲਦੇ ਸਮਾਗਮਾਂ ਦੇ ਸਪੀਕਰਾਂ ਦੀ ਅਵਾਜ ਪੰਡਾਲ ਤੱਕ ਹੀ ਹੋਵੇ, ਜੇਕਰ ਕਿਸੇ ਮਜਬੂਰੀ ਬਸ ਵੱਧ ਸਪੀਕਰ ਲਾਉਣੇ ਵੀ ਹੋਣ ਤਾਂ ਭੁਕਣਿਆਂ ਦੀ ਥਾਵੇਂ ਦੂਜੇ ਘੱਟ ਰੌਲੇ ਵਾਲੇ ਡੱਬਾ ਸਪੀਕਰ ਵਰਤੇ ਜਾਣ।

੫. ਤੁਹਾਨੂੰ ਆਪਣੇ ਸਥਾਨਾਂ ਦੇ ਆਲੇ ਦੁਆਲੇ ਪੂਰੇ ਥਾਂ ੧੫-੨੦ ਸਿੰਘਾਂ ਦੇ ਜਥੇ ਦੀ ਜਿੰਮੇਵਾਰੀ ਲਗਾਉਣੀ ਚਾਹੀਦੀ ਹੈ ਜੋ ਨਿਗਰਾਨੀ ਵਜੋਂ ਹਰ ਪਲ ਪਹਿਰਾ ਦੇਣ ਅਤੇ ਗੁਰਮਤਿ ਤੋਂ ਉਲਟ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨੂੰ ਤੁਰੰਤ ਰੋਕਣ।

੬. ਮਨ ਨੂੰ ਭਟਕਾਉਣ ਵਾਲੇ ਰੌਲੇ ਰੱਪੇ ਦੇ ਬਜਾਰ ਦੀ ਥਾਂ ਮਨ ਨੂੰ ਠੰਡ ਵਰਤਾਉਣ ਲਈ ਜਲ ਦੀ ਛਬੀਲ, ਲੰਗਰ, ਦਸਤਾਰਾਂ ਸਜਾਉਣ/ਸਿਖਾਉਣ, ਗੱਤਕਾ ਅਖਾੜਾ, ਘੋੜਸਵਾਰੀ, ਗੁਰਬਾਣੀ ਸੰਥਿਆ ਸਿਖਣ-ਸਿਖਾਉਣ, ਕੀਰਤਨ ਸਿੱਖਣ, ਗੁਰਮਤਿ ਪ੍ਰਚਾਰ ਨਾਲ ਸਬੰਧਿਤ ਜਥਿਆਂ ਦੇ ਪੜਾਅ, ਕਿਤਾਬਾਂ, ਕਕਾਰ ਅਤੇ ਸਸ਼ਤਰਾਂ ਸਬੰਧੀ ਪੜਾਵਾਂ ਨੂੰ ਹੀ ਮਸਤੂਆਣਾ ਸਾਹਿਬ ਦੀ ਹਦੂਦ ਅੰਦਰ ਜਗ੍ਹਾ ਦੇਣੀ ਚਾਹੀਦੀ ਹੈ।

੭. ਜੋੜ ਮੇਲ ਦਾ ਮਹੌਲ ਅਜਿਹਾ ਬਣਾਉਣਾ ਚਾਹੀਦਾ ਹੈ ਕਿ ਇਥੇ ਜੇਕਰ ਕੋਈ ਆਪਣਾ ਮਨ ਮੈਲਾ ਲੈਕੇ ਆਇਆ ਹੋਵੇ, ਉਸਨੂੰ ਪਵਿੱਤਰਤਾ ਦਾ ਅਹਿਸਾਸ ਹੋਵੇ, ਇਥੋਂ ਗੁਰਮਤਿ ਬਾਰੇ ਕੁਝ ਸਿੱਖ ਕੇ ਜਾਵੇ। ਸੰਤ ਜੀ ਦੀ ਅਸੀਸ ਸਦਕਾ ਇਹ ਇਕ ਮਿਸਾਲ ਬਣੇ ਤੇ ਹੋਰ ਕਿਤੇ ਜਿੱਥੇ ਅਜਿਹਾ ਕੁਝ ਹੁੰਦਾ ਹੈ ਉਹਨਾਂ ਲਈ ਰਾਹ ਦਸੇਰਾ ਬਣੇ।

ਇਹ ਹੁਕਮ ੫੦ ਥਾਵਾਂ ਦੀ ਸੰਗਤ ਵੱਲੋਂ ਹੈ, ਜਿਨ੍ਹਾਂ ਵੱਲੋਂ ਪਾਏ ਮਤੇ ਅੱਗੇ

ਨੱਥੀ ਕੀਤੇ ਗਏ ਹਨ। ਸੰਗਤ ਆਪਣੀ ਜਿੰਮੇਵਾਰੀ ਨਿਭਾਅ ਰਹੀ ਹੈ, ਹੁਣ ਤੁਹਾਨੂੰ ਵੀ ਬਿਨਾਂ ਦੇਰੀ ਕਰਦਿਆਂ ਆਪਣੀ ਨਿਭਾਉਣੀ ਚਾਹੀਦੀ ਹੈ। ਆਪ ਜੀ ਨੂੰ ਸੰਗਤ ਦਾ ਹੁਕਮ ਹੈ ਕਿ ਮਸਤੂਆਣਾ ਸਾਹਿਬ ਦੀ ਪਵਿੱਤਰਤਾ ਦੀ ਕਦਰ ਕਰਦਿਆਂ ਫੌਰਨ ਇਹ ਤਬਦੀਲੀਆਂ ਕਰੋ ਅਤੇ ਇਸ ਸਬੰਧੀ ਸੰਗਤ ਨੂੰ ਲਿਖਤੀ ਜਾਂ ਵੀਡੀਓ ਰਾਹੀਂ ਜਾਣਕਾਰੀ ਦਿਓ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਅਕਾਲ ਕਾਲਜ ਕੌਂਸਲ ਵਲੋਂ ਪਾਇਆ ਗਿਆ ਮਤਾ ਅਤੇ ਉਸ ਸਬੰਧੀ ਅਖ਼ਬਾਰ ਦੀ ਕਾਤਰ

ੴ ਸਤਿਗੁਰ ਪ੍ਰਸਾਦਿ ॥

Akal College Gursagar Mastuana Council, Mastuana Sahib (Sangrur)

ਅਕਾਲ ਕਾਲਜ ਗੁਰਸਾਗਰ ਮਸਤੂਆਣਾ ਕੌਂਸਲ, ਮਸਤੂਆਣਾ ਸਾਹਿਬ (ਸੰਗਰੂਰ)

MASTUANA SAHIB, (Distt. Sangrur) - 148001(Pb.)

(ਬਾਨੀ – ਸੰਤ ਅਤਰ ਸਿੰਘ ਜੀ ਮਹਾਰਾਜ, ਸਥਾਪਿਤ 1920) (Founder-Sant Attar Singh Ji, Est. 1920)

mastuanasaab@gmail.com | 01672-289313, 84370-10151

Ref. No. 2753/AG/23 Dated 27-11-23

ਅਕਾਲ ਕਾਲਜ ਕੌਂਸਲ, ਗੁਰਸਾਗਰ ਮਸਤੂਆਣਾ ਸਾਹਿਬ

ਵੱਲੋਂ ਮਿਤੀ 27-11-2023 ਨੂੰ ਸਲਾਨਾ ਜੋੜ ਮੇਲਾ, ਮਿਤੀ 30,31 ਜਨਵਰੀ ਅਤੇ 1 ਫਰਵਰੀ ਬਾਬਤ ਪਾਸ ਕੀਤਾ ਗਿਆ ਮਤਾ।

ਅਕਾਲ ਕਾਲਜ ਕੌਂਸਲ ਵੱਲੋਂ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਯਾਦ ਵਿਚ ਹਰ ਸਾਲ ਜੁੜ ਰਹੇ ਜੋੜ ਮੇਲੇ ਨੂੰ ਗੁਰਮਰਿਆਦਾ ਅਨੁਸਾਰ ਮਨਾਉਣ ਸਬੰਧੀ ਹੇਠ ਲਿਖੇ ਅਨੁਸਾਰ ਮਤੇ ਪਾਸ ਕੀਤੇ ਗਏ:-

1. ਹਰ ਇਕ ਪੰਡਾਲ ਦੇ ਸਪੀਕਰਾਂ ਦੀ ਅਵਾਜ ਸਿਰਫ ਪੰਡਾਲ ਤੱਕ ਸੀਮਤ ਰੱਖਣ ਦਾ ਪ੍ਰਬੰਧ ਕੀਤਾ ਜਾਵੇ। ਇਸ ਲਈ ਯੂਨਿਟਾਂ ਵਾਲੇ ਸਪੀਕਰਾਂ ਦੀ ਥਾਂ ਬਕਸਿਆਂ ਵਾਲੇ ਸਪੀਕਰਾਂ ਦੀ ਵਰਤੋਂ ਨੂੰ ਤਰਜੀਤ ਦਿੱਤੀ ਜਾਵੇ।
2. ਮੇਨ ਰੋਡ ਵਾਲੇ ਗੇਟ ਤੋਂ ਅੰਦਰ ਗੁਰਦੁਆਰਾ ਗੁਰਸਾਗਰ ਦੀ ਡਿਉਡੀ ਤੱਕ, ਗੁਰਦੁਆਰਾ ਗੁਰਸਾਗਰ ਤੋਂ ਮੇਨ ਲੰਗਰ ਤੱਕ, ਗੁਰਦੁਆਰਾ ਅੰਗੀਠਾ ਸਾਹਿਬ ਵਾਲੇ ਮੇਨ ਗੇਟ ਤੋਂ ਮੇਨ ਲੰਗਰ ਤੱਕ, ਪਿੰਡ ਲਿਦੜਾਂ ਵਾਲੇ ਗੇਟ ਤੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਤੱਕ, ਗੁਰਦੁਆਰਾ ਗੁਰਸਾਗਰ ਦੀ ਡਿਉਡੀ ਦੇ ਸਾਹਮਣੇ ਚੰਗਾਲ ਰੋਡ ਦੇ ਦੋਨੋਂ ਸਾਈਡਾਂ ਤੇ ਸਿਰਫ ਗੁਰਮਤਿ ਅਨੁਸਾਰ ਦੁਕਾਨਾਂ ਹੀ ਲਗਾਈਆਂ ਜਾਣ।

   ਗੁਰਮਤਿ ਅਨੁਸਾਰ ਦੁਕਾਨਾਂ/ਪ੍ਰਦਰਸ਼ਨੀਆਂ ਵਿਚ ਕਕਾਰ, ਸਸਤ੍ਰ, ਸਿੱਖ ਇਤਿਹਾਸ/ਗੁਰਬਾਣੀ/ਗੁਰਇਤਿਹਾਸ/ਪੰਜਾਬੀ ਸਾਹਿਤ ਨਾਲ ਸਬੰਧਤ ਕਿਤਾਬਾਂ। ਸਿੱਖ ਇਤਿਹਾਸ ਅਤੇ ਸਿੱਖ ਕਿਰਦਾਰਾਂ ਨਾਲ ਸਬੰਧਤ ਚਿੱਤਰ, ਡੀ.ਜੇ ਅਤੇ ਸਪੀਕਰ ਤੋਂ ਬਿਨਾਂ ਦਸਤਾਰ ਕੈਂਪ, ਖੇਤੀਬਾੜੀ ਨਾਲ ਸਬੰਧਤ ਦੁਕਾਨਾਂ (ਬਿਨਾਂ ਵੱਡੀ ਮਸ਼ੀਨਰੀ ਤੋਂ), ਸਿਹਤ ਸਹੂਲਤਾਂ ਨਾਲ ਸਬੰਧਤ ਕੈਂਪ ਆਦਿ ਸ਼ਾਮਿਲ ਹਨ।

ੴ ਸਤਿਗੁਰ ਪ੍ਰਸਾਦਿ ॥
Akal College Gursagar Mastuana Council, Mastuana Sahib (Sangrur)
ਅਕਾਲ ਕਾਲਜ ਗੁਰਸਾਗਰ ਮਸਤੂਆਣਾ ਕੌਂਸਲ, ਮਸਤੂਆਣਾ ਸਾਹਿਬ (ਸੰਗਰੂਰ)
MASTUANA SAHIB, (Distt. Sangrur) - 148001(Pb.)
(ਬਾਨੀ - ਸੰਤ ਅਤਰ ਸਿੰਘ ਜੀ ਮਹਾਰਾਜ, ਸਥਾਪਿਤ 1920) (Founder-Sant Attar Singh Ji, Est. 1920)
mastuanasaab@gmail.com | 01672-289313, 84370-10151

Ref. No. 2753/AG/23 Dated. 27-11-23

3. ਅਕਾਲ ਡਿਗਰੀ ਕਾਲਜ ਦੇ ਸਾਹਮਣੇ ਵਾਲੇ ਮੇਨ ਪਾਰਕ ਵਿਚ ਅਤੇ ਚੰਗਾਲ ਰੋਡ ਦੇ ਦੂਸਰੀ ਸਾਈਡ (ਪ੍ਰਾਈਵੇਟ ਜ਼ਮੀਨ ਵਿਚ) ਝੂਲੇ ਨਾਂ ਲਗਵਾਏ ਜਾਂਣ।
4. ਅਲੱਗ-ਅਲੱਗ ਪਿੰਡਾਂ ਵੱਲੋਂ ਸਜਾਏ ਜਾਂਦੇ ਲੰਗਰਾਂ ਵਿਚ, ਸਪੀਕਰ ਨਾਂ ਲਗਾਏ ਜਾਣ ਅਤੇ ਇਕ ਲੰਗਰ ਪਿੱਛੇ ਸਿਰਫ ਇਕ ਜਾਂ ਦੋ ਸਾਧਨਾਂ (ਟਰੈਕਟਰ-ਟਰਾਲੀ ਜਾਂ ਜੀਪ ਆਦਿ) ਨੂੰ ਹੀ ਆਉਣ ਦਿੱਤਾ ਜਾਵੇ, ਤਾਂ ਜੋ ਅੰਦਰਲੇ ਰਸਤੇ ਤੰਗ ਨਾਂ ਹੋਵਣ।
5. ਜੋੜ-ਮੇਲੇ ਅੰਦਰ ਟਰੈਕਟਰਾਂ ਤੇ ਡੈਂਕ ਨਾਂ ਲਗਾਏ ਜਾਂਣ।
6. ਜੋੜ-ਮੇਲੇ ਦੌਰਾਨ ਕਿਸੇ ਕਿਸਮ ਦੀ ਪ੍ਰਦਰਸ਼ਨੀ ਕੌਂਸਲ ਦੀ ਪ੍ਰਵਾਨਗੀ ਤੋਂ ਬਾਅਦ ਹੀ ਲੱਗ ਸਕੇਗੀ।

ਉਪਰੋਕਤ ਮਤਿਆਂ ਦਾ ਉਤਾਰਾ ਮਾਣਯੋਗ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਸੰਗਰੂਰ ਨੂੰ ਕਰਕੇ ਬੇਨਤੀ ਕਰਕੇ ਉਪਰੋਕਤ ਮਤਿਆਂ ਨੂੰ ਲਾਗੂ ਕਰਾਉਣ ਲਈ ਪ੍ਰਸਾਸ਼ਨ ਤੋਂ ਸਹਿਯੋਗ ਦੀ ਮੰਗ ਕੀਤੀ ਜਾਵੇਗੀ।

ਸਕੱਤਰ 27/11/23
ਅਕਾਲ ਕਾਲਜ ਕੌਂਸਲ
ਗੁਰਸਾਗਰ ਮਸਤੂਆਣਾ ਸਾਹਿਬ

'ਮਸਤੂਆਣਾ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਗੁਰਮਰਿਆਦਾ ਅਨੁਸਾਰ ਮਨਾਇਆ ਜਾਵੇਗਾ'

ਟਰੈਕਟਰਾਂ 'ਤੇ ਡੋਂਕ, ਲੰਗਰਾਂ 'ਚ ਸਪੀਕਰ ਅਤੇ ਗੁਰਮਤਿ ਤੋਂ ਉਲਟ ਦੁਕਾਨਾਂ 'ਤੇ ਰਹੇਗੀ ਮੁਕੰਮਲ ਪਾਬੰਦੀ



ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਅਤੇ ਕੌਂਸਲ ਮੈਂਬਰਾਂ ਸਮੇਤ ਧਰਮ ਪ੍ਰਚਾਰ ਕਮੇਟੀ ਦੇ ਵੱਡੀ ਗਿਣਤੀ 'ਚ ਮੈਂਬਰ ਗੱਲਬਾਤ ਕਰਦੇ ਹੋਏ। (ਸਿੰਗਲਾ)

ਸੰਗਰੂਰ, 9 ਜਨਵਰੀ (ਸਿੰਗਲਾ, ਵਿਵੇਕ ਸਿੰਧਵਾਨੀ, ਬੇਦੀ, ਯਾਦਵਿੰਦਰ)- 20ਵੀਂ ਸਦੀ ਦੀ ਮਹਾਨ ਬ੍ਰਹਮਗਿਆਨੀ ਵਿੱਦਿਆ ਦਾਨੀ ਸ਼੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਦੇ ਬਰਸੀ ਸਮਾਗਮ 30, 31 ਜਨਵਰੀ ਅਤੇ 1 ਫਰਵਰੀ ਨੂੰ ਹਰ ਸਾਲ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਸਾਲਾਨਾ ਜੋੜ ਮੇਲੇ ਦੇ ਰੂਪ 'ਚ ਮਨਾਇਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ 'ਚ ਦੂਰੋਂ-ਨੇੜਿਓਂ ਸੰਗਤ ਹਾਜ਼ਰੀ ਭਰਦੀ ਹੈ। ਪਿਛਲੇ ਸਮੇਂ 'ਚ ਇਹ ਮਹਿਸੂਸ ਕੀਤਾ ਗਿਆ ਕਿ ਸਿੱਖਾਂ ਦੇ ਜੋੜ ਮੇਲਿਆਂ ਦਾ ਮਾਹੌਲ ਆਮ ਮੇਲਿਆਂ ਵਰਗਾ ਬਣਦਾ ਜਾ ਰਿਹਾ ਹੈ, ਜਿਸ ਕਰ ਕੇ ਗੁਰਮਰਿਯਾਦਾ 'ਚ ਵਿਘਨ ਪੈ ਰਿਹਾ ਹੈ। ਬੀਤੇ ਸਾਲ ਹੋਲੇ-ਮਹੱਲੇ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਨਿਹੰਗ ਸਿੰਘ ਵੱਲੋਂ ਟਰੈਕਟਰਾਂ 'ਤੇ ਚੱਲ ਰਹੇ ਡੋਂਕ ਬੰਦ ਕਰਾਉਂਦਿਆਂ ਹੋਏ ਤਕਰਾਰ ਸਮੇਂ ਉਸ ਸਿੰਘ ਦੀ ਜਾਨ ਚਲੀ ਗਈ ਸੀ ਜੋ ਕਿ ਬਹੁਤ ਹੀ ਮੰਦਭਾਗੀ ਘਟਨਾ ਸੀ।

ਇਸ ਘਟਨਾ ਤੋਂ ਬਾਅਦ ਜੋੜ ਮੇਲਿਆਂ ਦੇ ਮਾਹੌਲ 'ਚ ਲੋੜੀਂਦੀ ਤਬਦੀਲੀ ਲਈ ਮਸਤੂਆਣਾ ਸਾਹਿਬ ਵਿਖੇ ਇਲਾਕੇ ਦੀ ਸੰਗਤ ਅਤੇ ਪ੍ਰਬੰਧਕਾਂ ਦੇ ਸਾਂਝੇ ਉੱਦਮ ਸਦਕਾ ਪਹਿਲਕਦਮੀ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮਸਤੂਆਣਾ ਸਾਹਿਬ ਦੇ ਨੇੜਲੇ 50 ਤੋਂ ਵੱਧ ਨਗਰਾਂ ਦੀ ਸੰਗਤ ਵੱਲੋਂ ਪਹਿਲਕਦਮੀ ਕਰਦਿਆਂ ਸਾਲਾਨਾ ਜੋੜ ਮੇਲੇ ਦਾ ਮਾਹੌਲ ਗੁਰਮਤਿ ਅਨੁਸਾਰੀ ਕਰਨ ਲਈ ਮਤੇ ਪਾਏ ਗਏ, ਜਿਸ 'ਚ ਕਿਹਾ ਗਿਆ ਕਿ ਗੁਰਮਤਿ ਤੋਂ ਉਲਟ ਦੁਕਾਨਾਂ, ਝੂਲੇ/ਚੰਡੋਲ, ਟਰੈਕਟਰਾਂ 'ਤੇ ਡੋਂਕ, ਲੰਗਰਾਂ 'ਚ ਸਪੀਕਰ ਆਦਿ ਹੋਰ ਬਹੁਤ ਕੁਝ ਜੋ ਮਨ ਭਟਕਾਉਣ ਅਤੇ ਇਕਾਗਰਤਾ ਭੰਗ ਕਰਨ ਦਾ ਸਬੱਬ ਬਣਦਾ, ਉਹ ਸਭ ਗੁਰਦੁਆਰਾ ਸਾਹਿਬਾਨ ਦੀ ਹਦੂਦ 'ਚ ਨਹੀਂ ਹੋਣਾ ਚਾਹੀਦਾ। ਉਸ ਤੋਂ ਬਾਅਦ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਸੰਗਤ ਦਾ ਇਸ ਕਾਰਜ 'ਚ ਸਹਿਯੋਗ ਕਰਦਿਆਂ ਕਾਫੀ ਅਹਿਮ ਫੈਸਲੇ ਲਏ ਅਤੇ ਮਸਤੂਆਣਾ ਸਾਹਿਬ ਵਿਖੇ ਉਨ੍ਹਾਂ ਫੈਸਲਿਆਂ ਤੋਂ ਸੰਗਤ ਨੂੰ ਜਾਣੂ ਕਰਵਾਉਣ ਲਈ ਫਲੈਕਸ ਬੋਰਡ ਵੀ ਲਗਵਾਏ।

' ਇਸ ਮਹੀਨੇ ਹੋਣ ਜਾ ਰਹੇ ਜੋੜ ਮੇਲੇ ਦੌਰਾਨ ਗੁਰਦੁਆਰਾ ਸਾਹਿਬਾਨ ਦੀ ਹਦੂਦ 'ਚ ਕੁਝ ਵੀ ਅਜਿਹਾ ਨਹੀਂ ਹੋਵੇਗਾ ਜੋ ਆਈ ਸੰਗਤ ਦੀ ਇਕਾਗਰਤਾ 'ਚ ਵਿਘਨ ਪਾਵੇ। ਗੁਰਮਤਿ ਅਨੁਸਾਰ ਦੁਕਾਨਾਂ/ਪ੍ਰਦਰਸ਼ਨੀਆਂ, ਦਸਤਾਰ ਕੈਂਪ, ਗੁਰਬਾਣੀ ਸੰਥਿਆ, ਸਿੱਖ ਸਥਿਆਂ ਦੇ ਪੜਾਅ ਆਦਿ ਪ੍ਰਚਾਰ ਅਤੇ ਗੁਰਮਤਿ ਅਨੁਸਾਰੀ ਕਾਰਜਾਂ ਲਈ ਹਰ ਇਕ ਨੂੰ ਸੀ ਆਇਆਂ ਹੈ।

ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਅਤੇ ਕੌਂਸਲ ਮੈਂਬਰਾਂ ਸਮੇਤ ਧਰਮ ਪ੍ਰਚਾਰ ਕਮੇਟੀ ਦੇ ਵੱਡੀ ਗਿਣਤੀ 'ਚ ਮੈਂਬਰਾਂ ਵੱਲੋਂ ਇਸ ਸਬੰਧੀ ਆਪਣੇ ਵੱਲੋਂ ਪਾਏ ਗਏ ਮਤਿਆਂ ਦਾ ਉਤਾਰਾ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ. ਸੰਗਰੂਰ ਨੂੰ ਵੀ ਕੀਤਾ ਗਿਆ ਹੈ ਤਾਂ ਕਿ ਇਨ੍ਹਾਂ ਮਤਿਆਂ ਨੂੰ ਲਾਗੂ ਕਰਾਉਣ ਲਈ ਲੋੜ ਅਨੁਸਾਰ ਪ੍ਰਸ਼ਾਸਨ ਤੋਂ ਵੀ ਸਹਿਯੋਗ ਲਿਆ ਜਾਵੇ।

ਇਸ ਮੌਕੇ ਸਿੰਘ ਜਥਾ ਮਾਲਵਾ ਦੇ ਆਗੂ ਮਲਕੀਤ ਸਿੰਘ, ਬਲਦੇਵ ਸਿੰਘ ਭੰਮਾਵੱਦੀ, ਸਤਪਾਲ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਭੁਪਿੰਦਰ ਸਿੰਘ ਗਰੇਵਾਲ, ਸਿਆਸਤ ਸਿੰਘ ਗਿੱਲ, ਹਰਬੰਸ ਸਿੰਘ ਚੀਮਾ, ਗੁਰਜੰਟ ਸਿੰਘ ਦੁੱਗਾਂ, ਬਾਬਾ ਹਰਬੰਸ ਸਿੰਘ ਮੁੱਖ ਸੇਵਾਦਾਰ ਮਾਤਾ ਭੋਲੀ ਜੀ, ਹਰਪਾਲ ਸਿੰਘ ਖਹਿਰਾ, ਹਾਕਮ ਸਿੰਘ ਕਿਸ਼ਨਗੜੀਆ, ਗਮਦੂਰ ਸਿੰਘ ਖਹਿਰਾ, ਨਾਸਰ ਸਿੰਘ ਬਹਾਦਰਪੁਰ, ਸੁਖਵਿੰਦਰ ਸਿੰਘ, ਵਿੱਕੀ ਭੰਮਾਵੱਦੀ, ਅੰਮ੍ਰਿਤਪਾਲ ਸਿੰਘ ਪੰਖਿਅੜ, ਅਵਤਾਰ ਸਿੰਘ ਬਡਰੁੱਖਾਂ, ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਸਤਨਾਮ ਸਿੰਘ ਦਮਦਮੀ ਅਤੇ ਹੋਰ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਸਮੇਤ ਹੋਰ ਵੱਡੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

੨੦੨੫ ਦੇ ਜੋੜ ਮੇਲ ਲਈ ਸਹਿਯੋਗ ਵਿਚ ਆਏ ਹੋਰ ਸਿੱਖ ਜਥਿਆਂ ਦੇ ਨਾਵਾਂ ਦੀ ਸੂਚੀ

- ਅੰਮ੍ਰਿਤ ਸੰਚਾਰ ਜਥਾ ਦਮਦਮੀ ਟਕਸਾਲ ਰੱਤਾਖੇੜਾ
- ਸਿੱਖ ਸੇਵਕ ਜਥਾ ਮਾਲਵਾ
- ਸਿੱਖ ਜਥਾ ਧੂਰੀ
- ਗੁਰਦੁਆਰਾ ਸਾਹਿਬ ਤਾਲਮੇਲ ਕਮੇਟੀ (ਪੰਚ ਪ੍ਰਧਾਨੀ), ਸੰਗਰੂਰ
- ਗੁਰਮਤਿ ਪ੍ਰਚਾਰਕ ਗ੍ਰੰਥੀ ਰਾਗੀ ਸਭਾ(ਰਜਿ:) ਸੰਗਰੂਰ
- ਗੁਰਮਤਿ ਵਿਦਿਆਲਾ ਦਿੜ੍ਹਬਾ (ਦਮਦਮੀ ਟਕਸਾਲ)
- ਜਥਾ ਹਰ ਮੈਦਾਨ ਫਤਹਿ
- ਦਮਦਮੀ ਟਕਸਾਲ ਜਥਾ, ਖਡਿਆਲ
- ਨਿਰਮਲ ਸੰਪਰਦਾਇ, ਗੁਰੂ ਕੀ ਮਟੀਲੀ, ਬਾਘਾ ਪੁਰਾਣਾ
- ਨਿਰਮਲ ਬੁੰਗਾ ਭਿੰਡਰਾਂ (ਦਮਦਮੀ ਟਕਸਾਲ)
- ਮਾਲਵਾ ਤਰਨਾ ਦਲ, ਸੰਗਰੂਰ

ਹੱਕ ਸੱਚ ਦਾ ਪਹਿਰੇਦਾਰ
ਪੰਥ ਦੀ ਅਵਾਜ਼
RNI NO. CHAPUN/2015/62531
Rozana Hak Such Da Pehredar (A Leading Punjabi Newspaper)

ਮਸਤੂਆਣਾ ਸਾਹਿਬ ਸਲਾਨਾ ਜੋੜ ਮੇਲੇ ਦਾ ਮਹੌਲ ਗੁਰਮਤਿ ਅਨੁਸਾਰੀ ਰੱਖਣ ਲਈ ਸਾਂਝੇ ਯਤਨ ਅਰੰਭ

ਸੰਗਰੂਰ 24 ਅਕਤੂਬਰ (ਹਰਬੰਸ ਸਿੰਘ ਮਾਰਡੇ) ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ, ਇਲਾਕੇ ਦੀਆਂ ਸੰਗਤਾਂ, ਲੰਗਰ ਕਮੇਟੀਆਂ ਅਤੇ ਸਿੱਖ ਜੱਥਿਆਂ ਤੇ ਸਿੱਖ ਸਖਸ਼ੀਅਤਾਂ ਨੇ ਸਾਂਝੇ ਰੂਪ ਵਿਚ ਯਤਨ ਕਰਨ ਹਿਤ ਗੁਰੂ ਸਾਹਿਬ ਨੂੰ ਕੀਤੀ ਅਰਦਾਸ ਪਿਛਲੇ ਸਾਲ ਇਲਾਕੇ ਦੀਆਂ ਸੰਗਤਾਂ, ਲੰਗਰ ਕਮੇਟੀਆਂ, ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਾਂਝੇ ਯਤਨ ਕੀਤੇ ਗਏ ਸਨ ਕਿ ਸੰਤ ਅਤਰ ਸਿੰਘ ਜੀ ਦੀ ਯਾਦ ਵਿਚ ਮਨਾਏ ਜਾਂਦੇ ਸਾਲਾਨਾ ਜੋੜ ਮੇਲੇ ਦਾ ਮਾਹੌਲ ਗੁਰਮਤਿ ਅਨੁਸਾਰੀ ਕੀਤਾ ਜਾਵੇ ਜਿਸ ਤਹਿਤ ਲੰਗਰਾਂ ਵਿਚ ਚਲਦੇ ਸਪੀਕਰਾਂ ਬੰਦ ਰਹੇ, ਟਰੈਕਟਰਾਂ ਉਤੇ ਡੀ੍ਕ ਨਹੀਂ ਵਜਾਏ ਗਏ ਅਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਗੁਰਮਤਿ ਅਨੁਸਾਰੀ ਦੁਕਾਨਾਂ ਹੀ ਲਗਾਈਆਂ ਗਈਆਂ। ਇਸ ਕਾਰਜ ਵਿਚ ਲੰਗਰ ਕਮੇਟੀਆਂ, ਪਿੰਡਾਂ ਦੀਆਂ ਸੰਗਤਾਂ, ਮਸਤੂਆਣਾ ਸਾਹਿਬ ਪ੍ਰਬੰਧਕਾਂ ਤੇ ਕੌਂਸਲ ਦੇ ਵਲੰਟੀਅਰਾਂ ਦਾ ਪੂਰਨ ਸਹਿਯੋਗ ਅਤੇ ਪਹਿਰਾ ਰਿਹਾ। ਇਸ ਉੱਦਮ ਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ, ਪੰਜਾਬ ਅਤੇ ਦੇਸ ਵਿਦੇਸ਼ ਵਿਚ ਭਰਦੇ ਜੋੜ ਮੇਲਿਆਂ ਦੌਰਾਨ ਇਸ ਉੱਦਮ ਦਾ ਜਿਕਰ ਹੋਇਆ। ਇਸ ਸਾਲ ਵੀ ਇਹ ਸਾਂਝਾ ਕਾਰਜ ਗੁਰੂ ਸਾਹਿਬ ਨੂੰ ਅਰਦਾਸ ਬੇਨਤੀ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਨਾਲ ਅਰੰਭ ਕੀਤਾ ਗਿਆ ਹੈ। ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ, ਇਲਾਕੇ ਦੇ ਸਿੱਖ ਜਥਿਆਂ, ਸਿੱਖ ਸਖਸ਼ੀਅਤਾਂ ਅਤੇ ਸੰਗਤ ਦੀ ਭਾਵਨਾ ਹੈ ਕਿ ਸੰਤ ਅਤਰ ਸਿੰਘ ਜੀ ਦੀ 100



ਸਾਲਾ ਬਰਸੀ ਤਕ ਇਸ ਜੋੜ ਮੇਲੇ ਨੂੰ ਸੰਗਤੀ ਜੋੜ ਮੇਲਾ ਬਣਾਇਆ ਜਾ ਸਕੇ। ਇਸ ਪ੍ਰਥਾਏ ਅੱਜ ਗੁਰਦੁਆਰਾ ਗੁਰਸਾਗਰ, ਮਸਤੂਆਣਾ ਸਾਹਿਬ ਵਿਖੇ ਪੰਜ ਸਿੰਘਾਂ ਨੇ ਸਤਿਗੁਰਾਂ ਨੂੰ ਅਰਦਾਸ ਬੇਨਤੀ ਕੀਤੀ, ਜਿਸ ਵਿਚ ਉਪਰੋਕਤ ਸਾਰੇ ਜਥਿਆਂ, ਸਖਸ਼ੀਅਤਾਂ, ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ, ਇਲਾਕੇ ਦੀਆਂ ਸੰਗਤਾਂ, ਲੰਗਰ ਕਮੇਟੀਆਂ ਤੇ ਪਿੰਡਾਂ ਸ਼ਹਿਰਾਂ ਦੀਆਂ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਗਿਆਨੀ ਭਗਵਾਨ ਸਿੰਘ ਜੀ ਦਮਦਮੀ ਟਕਸਾਲ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਗੁਰਮਤਿ ਦਾ ਰਾਹ ਇਹੀ ਹੈ ਕਿ ਸਿੱਖ ਆਪਣੇ ਸਾਰੇ ਕਾਰਜ ਸਤਿਗੁਰਾਂ ਨੂੰ ਅਰਦਾਸ ਬੇਨਤੀ ਕਰ ਕੇ ਸ਼ੁਰੂ ਕਰਨ ਜਿਵੇਂ ਕਿ ਮਸਤੂਆਣਾ ਸਾਹਿਬ ਜੋੜ ਮੇਲੇ ਦੀ ਇਸ ਸਾਲ ਮੁਹਿੰਮ ਲਈ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਦੇ ਸੰਗਤਾਂ ਦੇ ਜੋੜ ਮੇਲੇ ਦੇ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਇਸ ਸਾਲ ਵੀ ਪਾਤਿਸ਼ਾਹ ਨੂੰ ਅਰਦਾਸ ਬੇਨਤੀ ਕਰ ਕੇ ਆਗਿਆ ਲੈ ਕੇ ਅਰੰਭ ਕੀਤੇ ਜਾ ਰਹੇ ਕਾਰਜਾਂ ਲਈ ਬਾਬਾ ਜੀ ਨੇ ਅਸੀਸ ਦਿੱਤੀ। ਇਸ ਦੌਰਾਨ ਗਿਆਨੀ ਭਗਵਾਨ ਸਿੰਘ ਜੀ ਦਮਦਮੀ ਟਕਸਾਲ, ਬਾਬਾ ਹਰਜਿੰਦਰ ਸਿੰਘ ਗੁਰੂ ਕੀ ਮਟੀਲੀ ਬਾਘਾ ਪੁਰਾਣਾ, ਭਾਈ ਗੁਰਤੇਜ ਸਿੰਘ ਖਡਿਆਲ (ਦਮਦਮੀ ਟਕਸਾਲ), ਭਾਈ ਨਿਰਮਲ ਸਿੰਘ ਰੰਤਾਖੇੜਾ (ਦਮਦਮੀ ਟਕਸਾਲ), ਭਾਈ ਸਵਰਨ ਸਿੰਘ, ਸ ਜਸਵੰਤ ਸਿੰਘ ਧਹਿਰਾ, ਭਾਈ ਦਰਸ਼ਨ ਸਿੰਘ, ਬਾਬਾ ਹਰਦੀਪ ਸਿੰਘ ਮਹਿਰਾਜ ਦਲ ਖਾਲਸਾ, ਗਿਆਨੀ ਰਣਜੀਤ ਸਿੰਘ ਨਿਰਮਲ ਬੁੰਗਾ ਭਿਡਰਾਂ, ਰਾਗੀ ਗੁੰਥੀ ਸਭਾ ਸੰਗਰੂਰ, ਸਿੱਖ ਜਥਾ ਮਾਲਵਾ, ਲੱਖੀ ਜੰਗਲ ਖਾਲਸਾ ਜਥਾ, ਭਾਈ ਸਤਪਾਲ ਸਿੰਘ, ਗੁਰਦੀਪ ਸਿੰਘ ਕਾਲਾਝਾੜ, ਭੁਪਿਦਰ ਸਿੰਘ ਗਰੇਵਾਲ, ਭਾਈ ਜਗਤਾਰ ਸਿੰਘ ਧੂਰੀ, ਹਰਮਨਦੀਪ ਸਿੰਘ ਬੇਨੜਾ, ਨਵਦੀਪ ਸਿੰਘ ਸ਼ਭਬਰ, ਬਾਬਾ ਧੰਨਾ ਸਿੰਘ ਉਭਾਵਾਲ, ਪਰਵਿੰਦਰ ਸਿੰਘ ਲੌਂਗੋਵਾਲ, ਧਰਮਵੀਰ ਸਿੰਘ ਸੰਗਰੂਰ, ਮਨਦੀਪ ਸਿੰਘ ਸੁਲਰ, ਸੁਖਵਿਦਰ ਸਿੰਘ ਬਲੱਸਾਂ, ਸੁਖਦੇਵ ਸਿੰਘ ਮੁੱਖ ਗ੍ਰੰਥੀ ਮਸਤੂਆਣਾ ਸਾਹਿਬ, ਗੁਰਮੇਲ ਸਿੰਘ ਸਹਾਇਕ ਗ੍ਰੰਥੀ, ਗੁਰਮੀਤ ਸਿੰਘ (ਗੁਰਮਤਿ ਕਾਲਜ ਮਸਤੂਆਣਾ ਸਾਹਿਬ), ਗਿਆਨ ਸਿੰਘ ਕੁਨਰਾਂ, ਬਲਵਿੰਦਰ ਸਿੰਘ ਘਰਾਚੋਂ, ਬਿਦਰ ਸਿੰਘ ਛੰਨਾ, ਦਿਦਰਪ੍ਰੀਤ ਸਿੰਘ, ਗੁਰਪਾਲ ਸਿੰਘ ਆਦਿ ਸਥੇ ਅਤੇ ਸਿੱਖ ਸਖਸ਼ੀਅਤਾਂ ਹਾਜ਼ਰ ਸਨ।



3 6
2025

ਮਸਤੂਆਣਾ ਸਾਹਿਬ ਸਾਲਾਨਾ ਜੋੜ ਮੇਲੇ ਸੰਬੰਧੀ ਕੀਤੀ ਤਿਆਰੀ ਮੀਟਿੰਗ

ਮਸਤੂਆਣਾ ਸਾਹਿਬ ਸਾਲਾਨਾ ਜੋੜ ਮੇਲੇ ਸੰਬੰਧੀ ਸਮਾਗਮਾਂ ਦਾ ਇਸ਼ਤਿਹਾਰ ਜਾਰੀ ਕਰਦੇ ਹੋਏ ਪ੍ਰਬੰਧਕ। ਤਸਵੀਰ: ਦਮਦਮੀ

ਮਸਤੂਆਣਾ ਸਾਹਿਬ, 12 ਜਨਵਰੀ (ਦਮਦਮੀ) - ਸੰਤ ਬਾਬਾ ਅਤਰ ਸਿੰਘ ਦੀ ਬਰਸੀ ਨੂੰ ਲੈ ਕੇ ਇਲਾਕੇ ਦੀ ਸਿੱਖ ਸੰਗਤ, ਮਸਤੂਆਣਾ ਸਾਹਿਬ ਦੇ ਪ੍ਰਬੰਧਕ ਤੇ ਪੰਥ ਸੇਵਾ ਵਿਚ ਵਿਚਰ ਰਹੇ ਸਿੱਖ ਜਥਿਆਂ ਵਲੋਂ ਸਾਂਝੀ ਪੱਤਰਕਾਰ ਮਿਲਣੀ ਮਸਤੂਆਣਾ ਸਾਹਿਬ ਵਿਖੇ ਕੀਤੀ ਗਈ। ਮੀਟਿੰਗ ਦੌਰਾਨ 30, 31 ਜਨਵਰੀ ਤੇ 1 ਫਰਵਰੀ ਨੂੰ ਸੰਤ ਅਤਰ ਸਿੰਘ ਦੀ ਮਨਾਈ ਜਾਣ ਵਾਲੀ 98ਵੀਂ ਬਰਸੀ ਮੌਕੇ ਜੋੜ ਮੇਲੇ ਦੇ ਪ੍ਰਬੰਧਾਂ ਸਬੰਧੀ ਅਹਿਮ ਤਬਦੀਲੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਪੱਤਰਕਾਰ ਮਿਲਣੀ 'ਚ ਸਿੱਖ ਜਥਾ ਮਾਲਵਾ ਤੋਂ ਭਾਈ ਮਲਕੀਤ ਸਿੰਘ ਭਵਾਨੀਗੜ੍ਹ, ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਬਾਬਾ ਹਰਜਿੰਦਰ ਸਿੰਘ ਬਾਘਾ ਪੁਰਾਣਾ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੋੜ ਮੇਲੇ ਦੌਰਾਨ ਦੁਨਿਆਵੀ ਬਾਜ਼ਾਰ ਨੂੰ ਹਦੂਦ ਤੋਂ ਬਾਹਰ ਰੱਖਿਆ ਜਾਵੇਗਾ। ਟਰੈਕਟਰਾਂ ਤੇ ਭੀਜੇ ਉਪਰ ਪਾਬੰਦੀ ਰਹੇਗੀ, ਪੰਡਾਲ ਦੀ ਆਵਾਜ਼ ਸਿਰਫ਼ ਪੰਡਾਲ ਤੱਕ ਸੀਮਤ ਕਰਨ ਤੋਂ ਇਲਾਵਾ ਲੰਗਰਾਂ ਵਿਚ ਵੀ ਸਪੀਕਰ ਨਹੀਂ ਲਗਾਏ ਜਾਣਗੇ। ਇਸ ਤੋਂ ਇਲਾਵਾ ਝੁਲੇ ਵੀ ਮੁਕੰਮਲ ਤੌਰ 'ਤੇ ਬੰਦ ਹੋਣਗੇ। ਇਸ ਮੌਕੇ ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਦੱਸਿਆ ਕਿ ਪ੍ਰਬੰਧਕ ਇਸ ਕਾਰਜ ਵਿਚ ਸਿੱਖ ਜਥਿਆਂ ਤੇ ਸੰਗਤਾਂ ਦੇ ਨਾਲ ਹਨ, ਜੋੜ ਮੇਲੇ ਦਾ ਮਾਹੌਲ ਗੁਰਮਤਿ ਅਨੁਸਾਰੀ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਸਤੂਆਣਾ ਸਾਹਿਬ ਮਾਲਵੇ ਦੀ ਧਰਤੀ ਉੱਪਰ ਸਿੱਖੀ ਦਾ ਅਹਿਮ ਕੇਂਦਰ ਹੈ ਜਿੱਥੇ ਹਰ ਸਾਲ 30, 31 ਜਨਵਰੀ ਤੇ 1 ਫਰਵਰੀ ਨੂੰ ਸੰਤ ਬਾਬਾ ਅਤਰ ਸਿੰਘ ਦੀ ਬਰਸੀ ਨੂੰ ਸਿੱਖ ਸੰਗਤ ਦਾ ਵੱਡਾ ਇਕੱਠ ਜੁੜਦਾ ਹੈ। ਪਿਛਲੇ ਸਾਲ ਜੋੜ ਮੇਲੇ ਦੇ ਮਾਹੌਲ ਨੂੰ ਗੁਰਮਤਿ ਅਨੁਸਾਰੀ ਬਣਾਉਣ ਲਈ ਕਾਫ਼ੀ ਅਹਿਮ ਸੁਧਾਰ ਕੀਤੇ ਗਏ ਤੇ ਇਸ ਜੋੜ ਮੇਲੇ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਅਸਥਾਨਾਂ ਉਪਰ ਵੀ ਸੁਧਾਰ ਦੇ ਯਤਨ ਹੋਏ। ਇਸ ਸਾਲ ਇਸ ਮੁਹਿੰਮ ਵਿਚ ਜਿੱਥੇ ਇਲਾਕੇ ਦੇ ਵੱਡੀ ਗਿਣਤੀ 'ਚ ਪਿੰਡਾਂ ਦਾ ਸਹਿਯੋਗ ਹੈ। ਇਸ ਮੌਕੇ ਭਾਈ ਗੁਰਤੇਜ ਸਿੰਘ ਖਡਿਆਲ, ਗੁਰਦੁਆਰਾ ਸਾਹਿਬਾਨ ਤਾਲਮੇਲ ਕਮੇਟੀ ਪੰਚ ਪ੍ਰਧਾਨੀ ਵਲੋਂ ਜਥੇਦਾਰ ਕਿਹਰ ਸਿੰਘ, ਭੁਪਿੰਦਰ ਸਿੰਘ ਸੋਢੀ, ਮਾਸਟਰ ਕਰਮਜੀਤ ਸਿੰਘ ਗੰਗੜਪੁਰ, ਜਥੇਦਾਰ ਗੁਰਦੀਪ ਸਿੰਘ ਕਾਲਾਝਾੜ, ਜਥੇਦਾਰ ਬਾਬਾ ਮਾਨ ਸਿੰਘ, ਭਾਈ ਹਰਜਿੰਦਰ ਸਿੰਘ ਬਾਘਾ ਪੁਰਾਣਾ, ਡਾ. ਗੁਰਵੀਰ ਸਿੰਘ ਸੋਹੀ, ਜਥੇਦਾਰ ਬਲਵਿੰਦਰ ਸਿੰਘ ਘਰਾਚੋਂ, ਮਾਸਟਰ ਭੁਪਿੰਦਰ ਸਿੰਘ ਗਰੇਵਾਲ, ਭਾਈ ਨਵਦੀਪ ਸਿੰਘ ਬਡਬਰ, ਭਾਈ ਮੱਖਣ ਸਿੰਘ ਰਾਜੋਆਜਰਾ, ਹਰਮਨਦੀਪ ਸਿੰਘ ਬੋਨੜਾ ਆਦਿ ਸ਼ਖ਼ਸੀਅਤਾਂ ਤੋਂ ਇਲਾਵਾ ਲੱਖੀ ਜੰਗਲ ਖਾਲਸਾ ਜਥਾ, ਸਿੱਖ ਜਥਾ ਮਾਲਵਾ, ਸਿੱਖ ਜਥਾ ਧੂਰੀ, ਰਾਗੀ ਗ੍ਰੰਥੀ ਪ੍ਰਚਾਰਕ ਸਭਾ, ਅੰਮ੍ਰਿਤ ਸੰਚਾਰ ਜਥਾ ਰੱਤਾਖੇੜਾ ਤੇ ਵੀਰ ਦੇ ਕਰੀਬ ਹੋਰ ਸਿੱਖ ਜਥਿਆਂ ਅਤੇ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ।

ਸਾਂਝਾ ਇਸ਼ਤਿਹਾਰ ਜਾਰੀ ਕਰਨ ਵਕਤ ਦੀਆਂ ਤਸਵੀਰਾਂ





ਜੋੜ ਮੇਲ ੨੦੨੬ ਸਬੰਧੀ ਅਖ਼ਬਾਰ ਦੀ ਕਾਤਰ ਅਤੇ ਵਿਖਤ ਤੰਦ,

੧੧ ਜਨਵਰੀ ੨੦੨੬



ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸਲਾਨਾ ਯਾਦ ਸਬੰਧੀ ਸਮਾਗਮਾਂ ਦਾ ਮਹੌਲ ਗੁਰਮਤਿ ਅਨੁਸਾਰੀ ਰਹੇਗਾ - ਸਿੱਖ ਜਥੇ ਅਤੇ ਪ੍ਰਬੰਧਕ

ਸੰਗਰੂਰ 11 ਜਨਵਰੀ (ਹਰਬੰਸ ਸਿੰਘ ਮਾਰਡੇ) - ਅੱਜ ਅਕਾਲ ਕਾਲਜ ਕੌਂਸਲ ਦੇ ਪ੍ਰਬੰਧਕ ਅਤੇ ਸਿੱਖ ਜਥਿਆਂ ਦੇ ਨੁਮਾਇੰਦਿਆਂ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ 99ਵੀਂ ਯਾਦ ਦੌਰਾਨ ਗੁਰਮਤਿ ਅਨੁਸਾਰੀ ਮਹੌਲ ਦੀ ਸਰਬਾਤਾਬਤਾ ਨੂੰ ਕਾਇਮ ਰੱਖਿਆ ਜਾਵੇਗਾ। ਹਰ ਸਾਲ ਇਹਨਾਂ ਸਮਾਗਮਾਂ ਦੌਰਾਨ ਦੂਰੋਂ ਨੇੜਿਓਂ ਵੱਡੀ ਗਿਣਤੀ ਵਿਚ ਸੰਗਤ ਪਹੁੰਚਦੀ ਹੈ, ਨਾਲ ਹੀ ਪੰਥ ਦੇ ਨੁਮਾਇੰਦੇ ਅਤੇ ਪ੍ਰਸਿੱਧ ਵਿਦਵਾਨ, ਪ੍ਰਚਾਰਕ, ਕੀਰਤਨੀਏ ਅਤੇ ਢਾਡੀ ਜਥੇ ਵੀ ਪਹੁੰਚਦੇ ਹਨ ਅਤੇ ਸੰਤ ਅਤਰ ਸਿੰਘ ਜੀ ਦੀਆਂ ਗੁਰੂ ਖਾਲਸਾ ਪੰਥ ਲਈ ਕੀਤੀਆਂ ਘਾਲਣਾਵਾਂ ਨੂੰ ਯਾਦ ਕਰਦੇ ਹਨ। ਮਾਲਵੇ ਦੀ ਧਰਤੀ 'ਤੇ ਸੰਗਤਾਂ ਦਾ ਇਹ ਵੱਡਾ ਜੋੜ ਮੇਲ ਹੁੰਦਾ ਹੈ।

ਇਹਨਾਂ ਸਮਾਗਮਾਂ ਦੌਰਾਨ ਪਿਛਲੇ ਕਈ ਦਹਾਕਿਆਂ ਤੋਂ ਮਹੌਲ ਆਮ ਦੁਨਿਆਵੀ ਮੇਲ ਮੱਲਿਆਂ ਵਾਂਗ ਬਣਦਾ ਜਾ ਰਿਹਾ ਸੀ, ਜਿਸ ਵਿਚ ਸ਼ੋਰ-ਸ਼ਰਾਬਾ, ਅਤੇ ਚੰਗੀ ਆਦਿਕ ਘਟਨਾਵਾਂ ਵਾਪਰਦੀਆਂ ਸਨ। ਪਿਛਲੇ ਦੋ ਸਾਲਾਂ ਤੋਂ ਇਸ ਸਬੰਧੀ ਇਲਾਕੇ ਦੇ ਪਿੰਡਾਂ ਦੀ ਸੰਗਤ, ਸਿੱਖ ਜਥਿਆਂ, ਜਥੇਬੰਦੀਆਂ ਅਤੇ ਪ੍ਰਬੰਧਕਾਂ ਨੇ ਸਾਝਾ ਉਪਰਾਲਾ ਕਰਕੇ ਇਸ ਮਹੌਲ ਨੂੰ ਗੁਰਮਤਿ ਅਨੁਸਾਰ ਕਰਨ ਲਈ ਕੁਝ ਬੁਨਿਆਦੀ ਫੈਸਲੇ ਕੀਤੇ, ਜਿਸ ਵਿਚ ਲੰਗਰਾਂ ਅਤੇ ਟਰੈਕਟਰਾਂ ਦੇ ਸਪੀਕਰ ਬੰਦ ਕਰਨ, ਹਦੂਦ ਅੰਦਰੋਂ ਦੁਨਿਆਵੀ ਸ਼ਮਾਨ ਵਾਲੀਆਂ ਦੁਕਾਨਾਂ ਨੂੰ ਬਾਹਰ ਕਰਨ, ਤੂਸੇ ਬੰਦ ਕਰਨ ਅਤੇ ਤੇਜ਼ ਸਪੀਕਰਾਂ ਦੀ ਆਵਾਜ਼ ਹੌਲੀ ਕਰਨ ਵਰਗੇ ਫੈਸਲੇ ਲਏ ਗਏ। ਇਹ ਫੈਸਲੇ ਪ੍ਰਬੰਧਕਾਂ ਸਮੇਤ ਸਭ ਸੰਗਤ ਵਲੋਂ ਸਾਝੇ ਤੌਰ 'ਤੇ ਲਾਗੂ ਕੀਤੇ ਗਏ ਸਨ। ਜਿਸ ਦੀ ਦੂਰੋਂ ਨੇੜਿਓਂ ਆਈ ਸੰਗਤ ਵਲੋਂ ਸ਼ਲਾਘਾ ਕੀਤੀ ਗਈ। ਅਕਾਲ ਕਾਲਜ ਕੌਂਸਲ ਦੇ ਸਕੱਤਰ ਸ. ਜਸਵੰਤ ਸਿੰਘ ਖਰਿਰ, ਸਿੱਖ ਜਥਾ ਮਾਲਵਾ ਤੋਂ ਭਾਈ ਮਲਕੀਤ ਸਿੰਘ ਫ਼ਰਾਨੀਗੜ੍ਹ, ਦਰਬਾਰ-ਏ-ਖਾਲਸਾ ਸਬੰਧੀ ਦੇ ਮੁੱਖ ਸੇਵਾਦਾਰ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਅਤੇ ਸਿੱਖ ਵਕੀਲ ਸ. ਜਗਮੀਤ ਸਿੰਘ ਨੇ ਕੌਂਸ ਸਾਝੇ ਕਰਦਿਆਂ ਦੱਸਿਆ ਕਿ ਮਹੌਲ ਸਬੰਧੀ ਸੰਗਤੀ ਫੈਸਲੇ ਇਸ ਸਾਲ ਵੀ ਸਾਰੂ ਰੰਗਿਤਰੇ ਅਤੇ ਅਗਾਹ ਤੋਂ ਵੀ ਪ੍ਰਬੰਧਕ ਇਨ੍ਹਾਂ ਫੈਸਲਿਆ ਨੂੰ ਅਮਲੀ ਰੂਪ ਵਿੱਚ ਜਾਰੀ ਰੱਖਣਗੇ। ਸ੍ਰੀਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਜੋੜ ਮੱਲਿਆਂ ਦਾ ਮਹੌਲ ਵੀ ਗੁਰਮਤਿ ਅਨੁਸਾਰੀ ਕਰਨ ਦੀ ਨੌਤ 'ਤੇ ਵਿਚਾਰ ਕੀਤੀ ਗਈ। ਜਿਸਦੇ ਨਾਲ ਹੀ ਸ. ਖਰਿਰ ਨੇ ਕਿਹਾ ਕਿ ਆਉਣ ਵਾਲੇ ਸਾਲ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸੌ ਸਾਲਾ ਯਾਦ ਨੂੰ ਮੁੱਖ ਰੱਖਦਿਆਂ ਸਮਾਗਮਾਂ ਦੀ ਲੜੀ ਸਾਰੀ ਰੱਖੀ ਜਾਏਗੀ ਜਿਸ ਵਿਚ ਤੁਰਤ ਸਾਹਿਬਾਨ ਉਪਰ ਜਥੇਦਾਰਾਂ ਦੀ ਨਿਯੁਕਤੀ ਦੇ ਵਿਧੀ ਵਿਧਾਨ ਸਮੇਤ ਗੁਰੂ ਖਾਲਸਾ ਪੰਥ ਦੇ ਹੋਰ ਅਹਿਮ ਮਸਲਿਆਂ ਸਬੰਧੀ ਵੀ ਵਿਚਾਰ ਗੋਸ਼ਟੀਆਂ ਕੀਤੀਆਂ ਜਾਣਗੀਆਂ।

ਵਿਖਤ: ਮਸਤੂਆਣਾ ਸਾਹਿਬ ਦਾ ਜੋੜ ਮੇਲ ਸਿੱਧੀ ਰੰਗ ਵਿਚ ਕਿਵੇਂ ਰੰਗਿਆ ਗਿਆ, ਤੰਦ (Link)- https://youtu.be/zjJzMTBoÉRQ?si=ÅQPprYypwnKoÂYNE

ਗਲਤ ਜਾਣਕਾਰੀ ਵਿਰੁੱਧ ਸੰਗਤ ਦਾ ਪੱਖ ਸਪਸ਼ਟ ਕਰਦਾ
ਜੋੜ ਮੇਲ ੨੦੨੬ ਤੋਂ ਕੁਝ ਦਿਨ ਪਹਿਲਾਂ ਜਾਰੀ ਕੀਤਾ ਗਿਆ ਪਰਚਾ

ਜਰੂਰੀ ਜਾਣਕਾਰੀ! ਅਫਵਾਹਾਂ ਤੋਂ ਬਚੋ!

ਮਸਤੂਆਣਾ ਸਾਹਿਬ ਜੋੜ ਮੇਲ ਦੇ ਮਾਹੌਲ ਵਿੱਚ ਆਈ ਸਿਫਤੀ ਤਬਦੀਲੀ ਤੋਂ ਕੁਝ ਕੁ ਸਖਸ਼ ਨਾ-ਖੁਸ਼ ਹਨ ਜੋ ਨਹੀਂ ਚਾਹੁੰਦੇ ਕਿ ਇੱਥੋਂ ਦਾ ਮਹੌਲ ਗੁਰਮਤਿ ਅਨੁਸਾਰੀ ਹੋਵੇ । ਉਹਨਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ/ਗਲਤ ਜਾਣਕਾਰੀ ਅਤੇ ਉਸ ਸਬੰਧੀ ਅਸਲ ਸਚਾਈ ਆਪ ਸਭ ਨਾਲ ਸਾਂਝੀ ਕਰ ਰਹੇ ਹਾਂ-

੧. **ਗਰੀਬਾਂ ਨਾਲ ਧੱਕਾ ਹੋ ਰਿਹਾ ਹੈ:-** ਕਿਸੇ ਗਰੀਬ ਨਾਲ ਕੋਈ ਧੱਕਾ ਨਹੀ ਹੋਇਆ । ਬਜਾਰ ਲਾਉਣ ਲਈ ਪ੍ਰਬੰਧਕਾਂ ਵੱਲੋਂ ਹਦੂਦ ਤੋਂ ਬਾਹਰ ਥਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿੱਥੇ ਅੰਦਰ ਵਾਲੇ ਪੱਕੇ ਦੁਕਾਨਦਾਰਾਂ ਤੋਂ ਕੋਈ ਮਾਇਆ ਨਹੀਂ ਲਈ ਜਾਂਦੀ । ਜਿਹੜਾ ਅੰਦਰ ਵਾਲਾ ਦੁਕਾਨਦਾਰ ਬਾਹਰ ਦੁਕਾਨ ਨਹੀਂ ਲਗਾਉਂਦਾ ਉਹਨਾਂ ਦਾ ਅੰਦਰ ਦਾ ਕਿਰਾਇਆ ਵੀ ਮੁਆਫ਼ ਕਰ ਦਿੱਤਾ ਜਾਂਦਾ ਹੈ।

੨. **ਅੰਦਰ ਫਲਾਣੀ ਚੀਜ਼ ਵਿਕੀ ਜਾ ਫਲਾਣੀ ਨਹੀਂ ਵਿਕਣ ਦਿੱਤੀ:-** ਜੋ ਚੀਜ਼ਾਂ ਅੰਦਰ ਵਿਕਣੀਆਂ ਹਨ, ਉਹ ਵੀ ਪਹਿਲਾਂ ਤੋਂ ਹੀ ਲਿਖਤੀ ਹਨ, ਅਕਾਲ ਕਾਲਜ ਕੌਂਸਲ ਦਾ ਵੀ ਇਸ ਸਬੰਧੀ ਮਤਾ ਹੈ। ਜਥੇ ਉਸ ਨੂੰ ਇੰਨ ਬਿੰਨ ਲਾਗੂ ਕਰਵਾਉਂਦੇ ਹਨ।

੩. **ਅੰਦਰ ਖੇਤੀਬਾੜੀ ਨਾਲ ਸਬੰਧਤ ਸਮਾਨ ਨੂੰ ਮਨਾਹੀ ਕਰਦੇ ਹਨ:-** ਖੇਤੀਬਾੜੀ ਨਾਲ ਸਬੰਧਤ ਵੱਡੀ ਮਸ਼ੀਨਰੀ ਨੂੰ ਅੰਦਰੋਂ ਰੋਕਿਆ ਗਿਆ ਹੈ । ਅਕਾਲ ਕਾਲਜ ਕੌਂਸਲ ਦਾ ਵੀ ਇਸ ਸਬੰਧੀ ਲਿਖਤੀ ਮਤਾ ਹੈ । ਵੱਡੀ ਮਸ਼ੀਨਰੀ ਬਾਹਰ ਲੱਗ ਸਕਦੀ ਹੈ । ਬਾਕੀ ਬਹੁਤ ਕੁਝ ਬੀਜ਼, ਖਾਦਾਂ, ਜਾਗਰੂਕਤਾ ਸਬੰਧੀ ਤੰਬੂ ਅੰਦਰ ਲੱਗਦੇ ਹੀ ਹਨ, ਓਹਨਾਂ ਨੂੰ ਕੋਈ ਨਹੀਂ ਰੋਕਦਾ ।ਅਸਲ ਵਿੱਚ ਗੱਲ ਇਹ ਹੈ ਕਿ ਖੇਤੀਬਾੜੀ ਵਿੱਚ ਵੀ ਹਰੇਕ ਚੀਜ਼ ਨੂੰ ਖੁੱਲ ਨਹੀਂ ਦਿੱਤੀ ਜਾ ਸਕਦੀ । ਇਸ ਤਰ੍ਹਾ ਤਾਂ ਪਸੂਆਂ ਤੱਕ, ਸੰਦਾਂ ਤੱਕ, ਡੇਰੀ ਫਾਰਮ ਨਾਲ ਸਬੰਧਤ ਮਸ਼ੀਨਰੀ ਆਦਿ ਬਹੁਤ ਕੁਝ ਖੇਤੀਬਾੜੀ ਵਿੱਚ ਹੀ ਗਿਣਿਆਂ

ਜਾਂਦਾ ਹੈ। ਇਹ ਸੰਤਾਂ ਦੀ ਸਲਾਨਾ ਯਾਦ ਦਾ ਇਕੱਠ ਹੈ, ਕਿਸਾਨ ਮੇਲੇ ਦਾ ਇਕੱਠ ਨਹੀਂ ਹੈ।

੪. **ਆਪਣੀ ਨਿੱਜੀ ਥਾਂ ਨੂੰ ਨਹੀਂ ਵਰਤਣ ਦਿੰਦੇ, ਨਿੱਜੀ ਥਾਂ ਵਿੱਚ ਕੋਈ ਕੁਝ ਵੀ ਕਰੇ:**- ਨਿੱਜੀ ਥਾਂ ਵਿਚ ਤਾਂ ਦੁਨਿਆਵੀ ਤੌਰ 'ਤੇ ਮੁਲਕਾਂ ਦੇ ਕਾਨੂੰਨ ਮੁਤਾਬਿਕ ਵੀ ਕੋਈ ਸਭ ਕੁਝ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ। ਦਾਰੂ/ਸ਼ਰਾਬ ਨਹੀਂ ਕੱਢ ਸਕਦਾ, ਹਰ ਕਿਸਮ ਦੀ ਖੇਤੀ ਨਹੀਂ ਕਰ ਸਕਦਾ, ਸਮਾਜਕ ਕਦਰਾਂ ਕੀਮਤਾਂ ਦੇ ਉਲਟ ਵਪਾਰ ਆਦਿ ਨਹੀਂ ਕਰ ਸਕਦਾ। ਇਸੇ ਤਰ੍ਹਾ ਧਾਰਮਿਕ ਸਮਾਗਮਾਂ ਦੀ ਆਪਣੀ ਇਕ ਮਰਿਆਦਾ ਹੈ, ਨਿਯਮ ਹਨ ਜੋ ਆਪਣੀ ਨਿੱਜੀ ਥਾਂ ਦੇ ਹਵਾਲੇ ਹੇਠ ਤੋੜੇ ਨਹੀਂ ਜਾ ਸਕਦੇ। ਨਿੱਜੀ ਥਾਵਾਂ ਵਿਚ ਸਿਰਫ ਝੂਲੇ ਬੰਦ ਕੀਤੇ ਹਨ, ਉਸ ਤੋਂ ਬਿਨਾਂ ਦੁਕਾਨਾਂ, ਪਾਰਕਿੰਗ, ਮਸ਼ਿਨਰੀ ਆਦਿ ਹੋਰ ਅਨੇਕਾਂ ਕਾਰਜਾਂ ਲਈ ਆਪਣੀਆਂ ਨਿੱਜੀ ਥਾਵਾਂ ਤੋਂ ਮੁਨਾਫ਼ਾ ਕਮਾਉਣ ਦੇ ਚਾਹਵਾਨ ਮੁਨਾਫ਼ਾ ਕਮਾ ਸਕਦੇ ਹਨ।

੫. **ਸਾਰੀਆਂ ਦੁਕਾਨਾਂ ਹੀ ਕਿਉਂ ਨਹੀਂ ਬੰਦ ਕਰਵਾਉਂਦੇ:**- ਕਿਹੜੀ ਦੁਕਾਨ ਲੱਗਣੀ ਹੈ, ਕਿਹੜੀ ਨਹੀਂ ਲੱਗਣੀ, ਹਰ ਗੱਲ ਦਾ ਫੈਸਲਾ ਪ੍ਰਬੰਧਕਾਂ ਦਾ ਹੈ। ਸੰਗਤ ਦਾ ਫੈਸਲਾ ਸਿਰਫ ਗੁਰਮਤਿ ਅਨੁਸਾਰੀ ਦੁਕਾਨਾਂ ਲੱਗ ਸਕਣ ਤੱਕ ਸੀਮਤ ਹੈ। ਜੇਕਰ ਪ੍ਰਬੰਧਕ ਸਾਰੀਆਂ ਦੁਕਾਨਾਂ ਬੰਦ ਕਰਨ 'ਤੇ ਸਹਿਮਤ ਹੁੰਦੇ ਹਨ ਤਾਂ ਇਹ ਉਨ੍ਹਾਂ ਦਾ ਫੈਸਲਾ ਹੋਵੇਗਾ।

੬. **ਅਸੀਂ ਵੱਧ ਪਿੰਡਾਂ ਵਿਚੋਂ ਇਸ ਦੇ ਉਲਟ ਮਤੇ ਪਵਾ ਲਵਾਂਗੇ:**- ਮਤਾ ਓਹੀ ਮੰਨਿਆ ਜਾਣਾ ਹੈ ਜੋ ਗੁਰਮਤਿ ਅਨੁਸਾਰੀ ਹੋਏ, ਸੰਗਤ ਵੀ ਉਸੇ ਨੂੰ ਕਿਹਾ ਜਾਵੇਗਾ ਜੋ ਗੁਰਮਤਿ ਅਨੁਸਾਰੀ ਕਾਰਜ ਕਰੇ। ਇਥੇ ਗਿਣਤੀ ਦੇ ਮਾਇਨੇ ਨਹੀ ਹਨ।

੭. **ਪ੍ਰਬੰਧਕ ਤਾਂ ਰਾਜੀ ਨੇ ਪਰ ਬਾਬੇ ਧੱਕਾ ਕਰਦੇ ਹਨ:**- ਪ੍ਰਬੰਧਕ ਲਿਖਤੀ ਤੌਰ 'ਤੇ ਵੀ ਅਤੇ ਜ਼ੁਬਾਨੀ ਵੀ ਸੰਗਤ ਦੇ ਫੈਸਲੇ ਨਾਲ ਸਹਿਮਤ ਹਨ। ਸਾਡੇ ਵੱਲੋਂ ਕੁਝ ਵੀ ਆਪਣੇ ਤੌਰ 'ਤੇ ਨਿੱਜੀ ਫੈਸਲੇ ਕਰਕੇ ਸੰਗਤ ਦਾ ਫੈਸਲਾ ਕਹਿ ਕੇ ਮਨਜੂਰ ਨਹੀਂ ਕਰਵਾਇਆ ਜਾ ਸਕਦਾ। ਫੈਸਲਾ ਓਹੀ ਮੰਨਣਯੋਗ ਹੁੰਦਾ ਹੈ, ਜੋ ਸਿਧਾਂਤ ਮੁਤਾਬਿਕ ਠੀਕ ਹੋਵੇ।

੮. **ਮਾਇਆ ਤਾਂ ਗੁਰਦੁਆਰਾ ਸਾਹਿਬ ਹੀ ਜਾਵੇਗੀ, ਗੁਰਦੁਆਰੇ ਨੂੰ ਘਾਟਾ ਪਵਾ ਰਹੇ ਹਨ:**- ਗੁਰਦੁਆਰੇ ਵਪਾਰ ਲਈ ਨਹੀਂ ਪ੍ਰਚਾਰ ਲਈ ਹਨ। ਇਥੇ ਹਰ

ਇੱਕ ਧੰਦੇ ਦੇ ਮੁਨਾਫ਼ੇ ਤੋਂ ਆਈ ਮਾਇਆ ਪ੍ਰਵਾਨ ਨਹੀਂ ਚੜ੍ਹਦੀ। ਇੱਥੇ ਸੰਗਤਾਂ ਦੇ ਹੱਥੀਂ ਕਿਰਤ ਕਮਾਈਆਂ ਤੋਂ ਆਇਆ ਦਸਵੰਧ ਪ੍ਰਵਾਨ ਹੁੰਦਾ ਹੈ, ਲੋਕਾਂ ਦੀਆਂ ਨੇਕ ਕਿਰਤ ਕਮਾਈਆਂ 'ਚ ਵਾਧੇ ਦੀ ਅਰਦਾਸ ਤਾਂ ਹੁੰਦੀ ਹੈ, ਗੁਰਦੁਆਰੇ ਦੇ ਵਪਾਰ 'ਚ ਵਾਧੇ ਦੀ ਅਰਦਾਸ ਨਹੀਂ ਹੁੰਦੀ ਕਿਉਂਕਿ ਗੁਰਦੁਆਰਾ ਵਪਾਰ ਲਈ ਨਹੀਂ ਹੈ।

ਢਿੱਲ ਦੇਣ ਨਾਲ ਕੀ ਵਾਪਰਦਾ ਹੈ:-

੧. **ਸਿਹਤ ਵਾਲੇ ਮਸਲੇ ਵਿੱਚ**:-ਸਿਹਤ ਦੇ ਨਾਮ ਹੇਠ ਭਾਰ ਘਟਾਉਣ, ਮਰਦਾਨਾ ਤਾਕਤ, ਸੁੰਦਰਤਾ ਵਧਾਉਣ ਆਦਿ ਵਾਲੇ ਵੀ ਹਦੂਦ ਅੰਦਰ ਆ ਗਏ ਸਨ, ਜਿਸ ਕਰਕੇ ਸਿਹਤ ਅਤੇ ਦਵਾਈਆਂ ਵਿਚ ਆਪਣੇ ਸਮਾਨ ਦੀ ਮਸ਼ਹੂਰੀ ਵਾਲਿਆਂ ਨੂੰ ਰੋਕਿਆ ਗਿਆ ਹੈ, ਜਿਹੜੇ ਕਿਸੇ ਇਲਾਜ਼ ਲਈ ਨਹੀਂ ਬੈਠਦੇ ਅਤੇ ਨਾ ਹੀ ਕੋਈ ਇਲਾਜ ਕਰਦੇ ਹਨ। ਖ਼ੂਨਦਾਨ ਕੈਂਪ, ਸਿਹਤ ਜਾਂਚ, ਸਿਹਤ ਜਾਗਰੂਕਤਾ ਆਦਿ ਵਾਲਿਆਂ ਲਈ ਅੰਦਰ ਕੋਈ ਰੋਕ ਨਹੀ ਹੈ।

੨. **ਕਿਤਾਬਾਂ ਵਾਲੇ ਮਸਲੇ ਵਿੱਚ**:- ਕਿਤਾਬਾਂ ਵਿਚ ਨਾਸਤਿਕਤਾ ਵਾਲੀਆਂ ਅਤੇ ਇਸ਼ਕ ਮਜਾਜੀ ਵਾਲੀਆਂ ਕਿਤਾਬਾਂ ਵੀ ਵਿਕਣ ਲੱਗੀਆਂ ਸਨ, ਜਿਸ ਕਰਕੇ ਸਖਤੀ ਕੀਤੀ ਹੈ।

੩. **ਖੇਤੀ ਵਾਲੇ ਮਸਲੇ ਵਿੱਚ**:- ਪਸ਼ੂ, ਫੀਡ, ਸੰਦ, ਮਸ਼ੀਨਰੀ ਆਦਿ ਕੀ ਕੁਝ ਹੈ ਜੋ ਖੇਤੀ ਨਾਲ ਹੀ ਸਬੰਧਤ ਹੈ, ਪਰ ਜੇਕਰ ਸਭ ਨੂੰ ਹਦੂਦ ਅੰਦਰ ਖੁੱਲ੍ਹ ਮਿਲੇਗੀ ਤਾਂ ਕੀ ਇਹ ਸੰਤ ਅਤਰ ਸਿੰਘ ਜੀ ਦੀ ਯਾਦ ਵਿੱਚ ਹੋ ਰਿਹਾ ਧਾਰਮਿਕ ਸਮਾਗਮ ਰਹਿ ਜਾਏਗਾ?

੪. **ਕਕਾਰਾਂ ਵਾਲੇ ਮਸਲੇ ਵਿੱਚ**:- ਉਂਗਲਾਂ ਵਿੱਚ ਪਾਉਣ ਵਾਲੇ ਛਾਪਾਂ ਛੱਲੇ, ਗਲਾਂ ਵਿੱਚ ਪਾਉਣ ਵਾਲੀਆਂ ਚੇਨਾਂ, ਮੁੰਦਰੀਆਂ, ਰੰਗ ਬਿਰੰਗੇ ਰੁਮਾਲ, ਚਮਕੀਲੇ ਕੜੇ, ਕੁੜਤੇ, ਬੀਬੀਆਂ ਦੇ ਕੱਪੜੇ ਆਦਿ ਬਹੁਤ ਕੁਝ ਕਕਾਰਾਂ ਦੇ ਨਾਮ ਹੇਠ ਅੰਦਰ ਆ ਗਿਆ ਸੀ, ਜਿਸ ਕਰਕੇ ਪਹਿਰਾ ਕਰੜਾ ਕੀਤਾ ਗਿਆ। ਕਕਾਰਾਂ ਦੇ ਨਾਮ ਹੇਠ ਇਹ ਸਭ ਕਿਵੇਂ ਰੱਖਣ ਦਿੱਤਾ ਜਾ ਸਕਦਾ ਹੈ?

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਢਿੱਲਾਂ ਦੇਣ ਨਾਲ ਹੀ ਮਹੌਲ ਇਥੇ ਤੱਕ ਪਹੁੰਚਿਆ ਸੀ। ਮਸਤੂਆਣਾ ਸਾਹਿਬ ਝੂਲੇ ਵਾਲਿਆਂ ਵਲੋਂ ਰਾਤਾਂ ਨੂੰ ਸ਼ਰਾਬਾਂ ਦੇ ਡੱਬੇ ਖੁੱਲ੍ਹਣ ਦੀਆਂ ਗੱਲਾਂ ਤੋਂ ਆਲੇ ਦੁਆਲੇ ਦੇ ਸਭ ਪਿੰਡ ਜਾਣੂ ਹਨ। ਇਹ ਢਿੱਲਾਂ ਦੇ ਹੀ ਨਤੀਜੇ ਸਨ। ਕੀ ਮੁੜ ਉਹ ਮਹੌਲ ਬਣਨ ਦੇਣਾ ਚਾਹੀਦਾ ਹੈ?

ਅਖੀਰ ਵਿਚ:

ਇਹ ਸਖਸ਼ ਜਿਹੜੇ ਗਲਤ ਜਾਣਕਾਰੀ ਨਾਲ ਪਿੰਡਾਂ ਦੇ ਮੁਹਤਬਰਾਂ ਨੂੰ ਗੁਮਰਾਹ ਕਰਨ ਦੇ ਯਤਨ ਕਰਦੇ ਹਨ, ਇਹ ਜੋੜ ਮੇਲ ਦੇ ਬਿਲਕੁਲ ਨੇੜੇ ਕੁਝ ਦਿਨ ਪਹਿਲਾਂ ਹੀ ਸਰਗਰਮ ਹੁੰਦੇ ਹਨ। ਜਦਕਿ ਸਿੱਖ ਜਥਿਆਂ ਅਤੇ ਪ੍ਰਬੰਧਕਾਂ ਵਲੋਂ ਸੰਤ ਅਤਰ ਸਿੰਘ ਜੀ ਦੀ ਸਲਾਨਾ ਯਾਦ ਸਬੰਧੀ ਕਈ ਮਹੀਨੇ ਪਹਿਲਾਂ ਤੋਂ ਹੀ ਤਿਆਰੀ ਆਰੰਭ ਕਰ ਦਿੱਤੀ ਜਾਂਦੀ ਹੈ, ਜਿਸ ਸਬੰਧੀ ਅਖ਼ਬਾਰਾਂ, ਟੀਵੀ ਚੈਨਲਾਂ, ਫਲੈਕਸਾਂ ਆਦਿ ਸਭ ਮਾਧਿਅਮਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ। ਪਰ ਜਿਹੜੇ ਸੱਜਣ ਇਸ ਮਹੌਲ ਨੂੰ ਗੁਰਮਤਿ ਅਨੁਸਾਰੀ ਰੱਖਣ ਦੇ ਹਾਮੀ ਨਹੀਂ, ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ, ਰੌਲੇ ਰੱਪੇ ਅਤੇ ਸ਼ੋਰ ਸ਼ਰਾਬੇ ਵਾਲਾ ਮਹੌਲ ਬਣਾਉਣ ਲਈ ਸੰਗਤ ਦੀ ਭਾਵਨਾ ਦੇ ਐਨ ਉਲਟ ਆਪਣੀਆਂ ਕਾਰਵਾਈਆਂ ਸਲਾਨਾਂ ਸਮਾਗਮਾਂ ਤੋਂ ਸਿਰਫ ਕੁਝ ਦਿਨ ਪਹਿਲਾਂ ਸ਼ੁਰੂ ਕਰਦੇ ਹਨ, ਤਾਂ ਜੋ ਚੰਗਾ ਮਹੌਲ ਬਣਨ ਵਿਚ ਅੜਿਕਾ ਡਾਹਿਆ ਜਾ ਸਕੇ।

ਸੱਚੇ ਪਾਤਿਸਾਹ ਮਿਹਰ ਕਰਨ।

ਸਿੱਖ ਜਥਾ ਮਾਲਵਾ

ਗੁਰੂ ਖਾਲਸਾ ਪੰਥ ਦੀ ਸੇਵਾ ਵਿਚ

ਫਤਿਹਗੜ੍ਹ ਸਾਹਿਬ ਜੋੜ ਮੇਲ ਦੇ ਸੁਧਾਰਾਂ ਸਬੰਧੀ
ਪ੍ਰਸ਼ਾਸ਼ਨ ਵਲੋਂ ਹੁਕਮ, ਸੰਨ ੨੦੦੩ (ਅਖ਼ਬਾਰਾਂ ਦੀਆਂ ਕਾਤਰਾਂ)



Jor Mela to be a sombre affair

OUR CORRESPONDENT

FATEHGARH SAHIB, DECEMBER 16

